# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 216 Friday, November 06, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਫੋਰਡ ਸਰਕਾਰ ਨੇ ਪੇਸ਼ ਕੀਤਾ 38 ਬਿਲੀਅਨ ਡਾਲਰ ਦੇ ਘਾਟੇ ਵਾਲਾ ਬਜਟ



ਓਨਟਾਰੀਓ, 5 ਨਵੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਆਪਣਾ ਦੂਜਾ ਬਜਟ ਪੇਸ਼ ਕਰ ਦਿੱਤਾ ਗਿਆ ਹੈ ਤੇ ਇਸ ਨੂੰ "ਪ੍ਰੋਟੈਕਟ, ਸਪੋਰਟ, ਰਿਕਵਰ" ਦਾ ਸਿਰਲੇਖ ਦਿੱਤਾ ਗਿਆ ਹੈ। ਇਹ ਓਨਟਾਰੀਓ ਦੇ ਇਤਿਹਾਸ ਦਾ ਸੱਭ ਤੋਂ ਵੱਧ ਖਰਚੇ ਵਾਲਾ ਬਜਟ ਹੋਣ ਦੇ ਨਾਲ ਨਾਲ ਸੱਭ ਤੋਂ ਵੱਡੇ ਘਾਟੇ ਵਾਲਾ ਬਜਟ ਵੀ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਕੋਵਿਡ-19 ਮਹਾਂਮਾਰੀ ਕਾਰਨ ਸਰਕਾਰ ਦੇ ਅਰਥਚਾਰੇ ਨੂੰ ਵੱਡਾ ਖੋਰਾ ਲੱਗਿਆ ਹੈ।

ਸਰਕਾਰ ਵੱਲੋਂ ਇਸ ਸਾਲ 38.5 ਬਿਲੀਅਨ ਡਾਲਰ ਦਾ ਘਾਟਾ ਦਰਸਾਇਆ ਗਿਆ ਹੈ ਜੋ ਕਿ ਮਾਰਚ ਦੀ ਵਿੱਤੀ ਅਪਡੇਟ ਵਿੱਚ ਕੀਤੀ ਗਈ ਪੇਸ਼ੀਨਿਗੋਈ ਨਾਲੋਂ 18 ਬਿਲੀਅਨ ਡਾਲਰ ਵੱਧ ਹੈ ਤੇ 2021 ਤੱਕ ਇਸ ਦੇ 33.1 ਬਿਲੀਅਨ ਡਾਲਰ ਤੱਕ ਅੱਪੜਨ ਦੀ ਗੱਲ ਆਖੀ ਗਈ ਹੈ। ਕਰਜ਼ਾ ਉਤਾਰਨ ਲਈ ਹੀ ਇਸ ਸਾਲ 12.5 ਬਿਲੀਅਨ ਡਾਲਰ ਖਰਚੇ ਗਏ ਹਨ ਜਦਕਿ ਕੋਵਿਡ-19 ਮਹਾਂਮਾਰੀ ਸਬੰਧੀ ਖਰਚੇ ਹੁਣ ਤੱਕ 15 ਬਿਲੀਅਨ ਡਾਲਰ ਤੱਕ ਹੋ ਚੁੱਕੇ ਹਨ।

ਵਿੱਤ ਮੰਤਰੀ ਰੌਡ ਫਿਲਿਪਜ਼ ਨੇ ਵੀਰਵਾਰ ਨੂੰ ਕੁਈਨਜ਼ ਪਾਰਕ ਵਿਖੇ ਬਜਟ ਪੇਸ਼ ਕਰਦਿਆਂ ਆਖਿਆ ਕਿ ਮਹਾਂਮਾਰੀ ਦੇ ਪਹਿਲੇ ਦਿਨ ਤੋਂ ਹੀ ਲੋਕਾਂ ਦੀ ਹਿਫਾਜ਼ਤ ਕਰਨਾ ਸਾਡੀ ਨੰਬਰ ਇੱਕ ਤਰਜੀਹ ਬਣ ਗਈ ਸੀ। ਕੋਵਿਡ-19 ਦੇ ਸਿਹਤ ਸਬੰਧੀ ਖਤਰੇ ਕਾਫੀ ਗੰਭੀਰ ਹਨ। ਅਸੀਂ ਸੈਕਿੰਡ ਵੇਵ ਤੇ ਇਸ ਤੋਂ ਵੀ ਬਾਅਦ ਲਾਂਗ ਟਰਮ ਕੇਅਰ ਵਿੱਚ ਆਪਣੇ ਪਿਆਰਿਆਂ ਤੇ ਫਰੰਟਲਾਈਨ ਹੈਲਥ ਕੇਅਰ ਹੀਰੋਜ਼ ਦੇ ਨਾਲ ਨਾਲ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਉਪਲਬਧ ਸਰੋਤ ਦੀ ਵਰਤੋਂ ਕਰ ਰਹੇ ਹਾਂ।

ਇਸ ਬਜਟ ਵਿੱਚ ਮਾਪਿਆਂ ਲਈ ਵਾਧੂ ਪੈਸਾ ਰਾਖਵਾਂ ਰੱਖਿਆ ਗਿਆ ਹੈ। ਮਹਾਂਮਾਰੀ ਕਾਰਨ 12 ਸਾਲ ਤੇ ਇਸ ਤੋਂ ਉੱਪਰ ਦੇ ਹਰ ਬੱਚੇ ਲਈ ਲਰਨਿੰਗ ਦੇ ਨਵੇਂ ਤਰੀਕਿਆਂ ਉੱਤੇ ਹੋਣ ਵਾਲੇ ਖਰਚੇ ਕਾਰਨ 200 ਡਾਲਰ ਵਾਧੂ ਮਾਪਿਆਂ ਨੂੰ ਮਦਦ ਵਜੋਂ ਦਿੱਤੇ ਜਾਣਗੇ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ


ਸਕਾਰਬੌਰੋ ਦੇ ਸਕੂਲ ਦੇ ਟੀਚਰਜ਼ ਤੇ ਅਮਲਾ ਮੈਂਬਰਾਂ ਵੱਲੋਂ ਕੰਮ ਕਰਨ ਤੋਂ ਇਨਕਾਰ



ਪੰਨਾ 04

ਫੋਰਡ ਸਰਕਾਰ ਨੇ ਨਵੀਆਂ ਪਾਬੰਦੀਆਂ ਸਬੰਧੀ ਬਹੁ ਪੜਾਵੀ ਸਿਸਟਮ ਕੀਤਾ ਪੇਸ਼



ਪੰਨਾ 14


# ਫਲੂ ਸ਼ੌਟਜ਼ ਦੀ ਮੰਗ ਵਧੀ, ਸਪਲਾਈ ਪੂਰੀ ਨਾ ਹੋਣ ਕਾਰਨ ਸਰਕਾਰ ਚਿੰਤਤ



ਓਨਟਾਰੀਓ, 5 ਨਵੰਬਰ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਫਲੂ ਵੈਕਸੀਨ ਦੀਆਂ ਹੋਰ ਡੋਜ਼ਿਜ਼ ਆਰਡਰ ਕਰਨ ਲਈ ਸਪਲਾਇਰਜ਼ ਨਾਲ ਕੰਮ ਕੀਤਾ ਜਾ ਰਿਹਾ ਹੈ। ਪਰ ਇਸ ਦੀ ਸਫਲਤਾ ਇਸ ਗੱਲ ਉੱਤੇ ਹੀ ਨਿਰਭਰ ਕਰਦੀ ਹੈ ਕਿ ਕਿਤੇ ਹੋਰਨਾਂ ਦੇਸ਼ਾਂ ਵੱਲੋਂ ਵਰਤੋਂ ਤੋਂ ਜ਼ਿਆਦਾ ਦਾ ਆਰਡਰ ਤਾਂ ਨਹੀਂ ਕੀਤਾ ਗਿਆ।

ਪਬਲਿਕ ਹੈਲਥ ਅਧਿਕਾਰੀਆਂ ਤੇ ਸਿਆਸਤਦਾਨਾਂ ਵੱਲੋਂ ਹਰ ਕੈਨੇਡੀਅਨ ਨੂੰ ਇਨਫਲੂਐਂਜ਼ਾ ਵੈਕਸੀਨ ਲੈਣ ਦੀ ਗੱਲ ਆਖੀ ਜਾ ਰਹੀ ਹੈ ਤਾਂ ਕਿ ਕੋਵਿਡ-19 ਨਾਲ ਪਹਿਲਾਂ ਤੋਂ ਹੀ ਜੂਝ ਰਹੇ ਹਸਪਤਾਲਾਂ ਨੂੰ ਫਲੂ ਸੀਜ਼ਨ ਦੇ ਕੇਸਾਂ ਨਾਲ ਨਾ ਸਿੱਝਣਾ ਪਵੇ। ਇਸ ਨਾਲ ਓਨਟਾਰੀਓ ਸਮੇਤ ਕਈ ਪ੍ਰੋਵਿੰਸਾਂ ਵਿੱਚ ਫਲੂ ਵੈਕਸੀਨ ਦੀ ਮੰਗ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ ਤੇ ਫੈਡਰਲ ਸਰਕਾਰ ਤੋਂ ਵੀ ਇਹ ਮੰਗ ਕੀਤੀ ਜਾ ਰਹੀ ਹੈ ਕਿ ਵਧੇਰੇ ਡੋਜ਼ਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ।

ਇਸ ਹਫਤੇ ਦੇ ਸ਼ੁਰੂ ਵਿੱਚ ਕੁੱਝ ਲੋਕਾਂ ਨੇ ਸੋਸ਼ਲ ਮੀਡੀਆ ਉੱਤੇ ਆਪਣੀ ਭੜਾਸ ਕੱਢੀ। ਕਈਆਂ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਈਮੇਲ ਹਾਸਲ ਹੋਈ ਹੈ ਕਿ ਉਨ੍ਹਾਂ ਦੀ ਅਪੁਆਂਇੰਟਮੈਂਟ ਪ੍ਰੋਵਿੰਸ ਵਿੱਚ ਵੈਕਸੀਨ ਦੀ ਸਪਲਾਈ ਦੀ ਘਾਟ ਕਾਰਨ ਰੱਦ ਕਰ ਦਿੱਤੀ ਗਈ ਹੈ। ਫੈਡਰਲ ਪਬਲਿਕ ਹੈਲਥ ਏਜੰਸੀ, ਜਿਸ ਨੇ ਪ੍ਰੋਵਿੰਸਾਂ ਦੀ ਅਪੀਲ ਉੱਤੇ ਫਲੂ ਸ਼ੌਟਜ਼ ਆਰਡਰ ਕੀਤੇ ਸਨ, ਨੇ 37 ਮਿਲੀਅਨ ਲੋਕਾਂ ਪਿੱਛੇ ਇਸ ਸਾਲ ਆਪਣੇ ਆਰਡਰ ਵਿੱਚ 25 ਫੀ ਸਦੀ ਵਾਧਾ, ਜੋ ਕਿ 13.9 ਮਿਲੀਅਨ ਬਣਦਾ ਹੈ, ਕੀਤਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਆਖਿਆ ਸੀ ਕਿ ਸਰਕਾਰ ਇਹ ਯਕੀਨੀ ਬਣਾਵੇਗੀ ਕਿ ਸਾਡੇ ਕੋਲ ਹਰ ਕਿਸੇ ਲਈ ਵਾਧੂ ਫਲੂ ਵੈਕਸੀਨ ਹੋਵੇ। ਪਰ ਇਸ ਵਾਅਦੇ ਨੂੰ ਪੂਰਾ ਕਰ ਸਕਣਾ ਸੁਖਾਲਾ ਨਹੀਂ।

# ਅਮਰੀਕੀ ਰਾਸ਼ਟਰਪਤੀ ਚੋਣ: ਬਾਇਡਨ ਜਿੱਤ ਦੇ ਕਰੀਬ ਪੁੱਜਾ, ਟਰੰਪ ਟੀਮ ਕੋਰਟ ਵੱਲ ਤੁਰੀ, ਧਾਂਦਲੀ ਦੇ ਦੋਸ਼ ਲਾਏ

## * ਦੋਵਾਂ ਧਿਰਾਂ ਦੇ ਹਜ਼ਾਰਾਂ ਸਮਰਥਕ ਸੜਕਾਂ ਉੱਤੇ ਨਿਕਲੇ




ਵਾਸ਼ਿੰਗਟਨ, 5 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਭਵਨ ਵ੍ਹਾਈਟ ਹਾਊਸ ਵਿਚ ਡੋਨਾਲਡ ਟਰੰਪ ਦੂਜੇ ਕਾਰਜਕਾਲ ਲਈ ਰਹਿਣਗੇ ਜਾਂ ਜੋਅ ਬਾਇਡਨ ਰਾਸ਼ਟਰਪਤੀ ਚੁਣੇ ਜਾਣਗੇ? ਇਸ ਸਵਾਲ ਦੇ ਜਵਾਬ ਦਾ ਅਮਰੀਕਾ ਸਮੇਤ ਪੂਰੀ ਦੁਨੀਆ ਨੂੰ ਇੰਤਜ਼ਾਰ ਹੈ। ਸਖ਼ਤ ਮੁਕਾਬਲੇ ਵਿਚ ਵੋਟ ਗਿਣਤੀ ਵਿਚ ਰਾਸ਼ਟਰਪਤੀ ਅਹੁਦੇ ਦੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਆਪਣੇ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ ਅੱਗੇ ਚੱਲਦੇ ਹੋਏ ਹੌਲੀ-ਹੌਲੀ ਜਿੱਤ ਦੇ ਨੇੜੇ ਪਹੁੰਚ ਰਹੇ ਹਨ। ਉਹ ਜਿੱਤ ਦੇ ਅੰਕੜੇ 270 ਇਲੈਕਟੋਰਲ ਵੋਟ ਹਾਸਲ ਕਰਨ ਦੇ ਇਕਦਮ ਨੇੜੇ ਹਨ, ਜਿਸ ਦੌਰਾਨ ਚੋਣ ਵਿਚ ਪੱਛੜ ਰਹੇਡੋਨਾਲਡ ਟਰੰਪ ਨੇ ਧਾਂਦਲੀ ਦੇ ਦੋਸ਼ ਲਾਏ ਹਨ। ਉਨ੍ਹਾਂ ਦੀ ਟੀਮ ਕੋਰਟ ਵਿਚ ਵੀ ਚਲੀ ਗਈ ਅਤੇ ਵੋਟਾਂ ਦੀ ਦੁਬਾਰਾ ਗਿਣਤੀ ਕਰਾਉਣ ਦੀ ਮੰਗ ਕੀਤੀ ਹੈ।

...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 647 783 0049

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca





NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਜੇ ਲੀਗਲ ਵੋਟਾਂ ਦੀ ਗਿਣਤੀ ਕੀਤੀ ਜਾਵੇ ਤਾਂ ਮੇਰੀ ਜਿੱਤ ਪੱਕੀ ਹੈ : ਟਰੰਪ



ਵਾਸ਼ਿੰਗਟਨ, 5 ਨਵੰਬਰ (ਪੋਸਟ ਬਿਊਰੋ) : ਆਪਣੇ ਮੁੜ ਰਾਸ਼ਟਰਪਤੀ ਚੁਣੇ ਜਾਣ ਦੀਆਂ ਸੰਭਾਵਨਾਵਾਂ ਧੁੰਦਲੀਆਂ ਪੈਂਦੀਆਂ ਵੇਖ ਕੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀਰਵਾਰ ਨੂੰ ਵਾਈਟ ਹਾਊਸ ਤੋਂ ਦੇਸ਼ ਦੀ ਜਮਹੂਰੀ ਪ੍ਰਕਿਰਿਆ ਉੱਤੇ ਹਮਲਾ ਬੋਲਦਿਆਂ ਇਹ ਝੂਠਾ ਦਾਅਵਾ ਕੀਤਾ ਕਿ ਇਹ ਇਲੈਕਸ਼ਨ ਉਨ੍ਹਾਂ ਤੋਂ ਚੋਰੀ ਕੀਤੀ ਗਈ ਹੈ।

ਕਿਸੇ ਤਰ੍ਹਾਂ ਦਾ ਸਬੂਤ ਪੇਸ਼ ਨਾ ਕਰ ਸਕਣ ਦੇ ਬਾਵਜੂਦ ਟਰੰਪ ਨੇ ਇਲੈਕਸ਼ਨ ਵਰਕਰਜ਼ ਦੇ ਨਾਲ ਨਾਲ ਉਨ੍ਹਾਂ ਸਟੇਟਸ ਉੱਤੇ ਫਰਾਡ ਦਾ ਦੋਸ਼ ਲਾਉਣ ਤੋਂ ਇਲਾਵਾ ਨਜ਼ਲਾ ਝਾੜਿਆ ਜਿੱਥੇ ਅਜੇ ਤੱਕ ਗਿਣੀਆਂ ਨਹੀਂ ਗਈਆਂ ਵੋਟਾਂ ਸਦਕਾ ਜੋਅ ਬਾਇਡਨ ਜਿੱਤ ਵੱਲ ਵਧਦੇ ਨਜ਼ਰ ਆ ਰਹੇ ਹਨ। ਟਰੰਪ ਨੇ ਆਖਿਆ ਕਿ ਇਸ ਮਾਮਲੇ ਵਿੱਚ ਉਹ ਇਲੈਕਸ਼ਨ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵਾਈਟ ਹਾਊਸ ਦੇ ਬ੍ਰੀਫਿੰਗ ਰੂਮ ਵਿੱਚ 15 ਮਿੰਟ ਤੱਕ ਇਸ ਵਿਸ਼ੇ ਉੱਤੇ ਬੋਲਣ ਤੋਂ ਬਾਅਦ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ ਹੀ ਉੱਥੋਂ ਜਾਣ ਵਾਲੇ ਟਰੰਪ ਤੋਂ ਕਈ ਨਿਊਜ਼ ਨੈੱਟਵਰਕ ਕਿਨਾਰਾ ਹੀ ਕਰ ਗਏ। ਸਾਬਕਾ ਵਾਈਸ ਪ੍ਰੈਜ਼ੀਡੈਂਟ ਤੇ ਇਸ ਵਾਰੀ ਰਾਸ਼ਟਰਪਤੀ ਦੇ ਅਹੁਦੇ ਦੇ ਮੁੱਖ ਦਾਅਵੇਦਾਰ ਬਾਇਡਨ ਵੱਲੋਂ ਪੈਨਸਿਲਵੇਨੀਆ ਤੇ ਜਾਰਜੀਆ ਵਿੱਚ ਹੌਲੀ ਹੌਲੀ ਮਜ਼ਬੂਤ ਪਕੜ ਬਣਾ ਲਈ ਗਈ ਹੈ ਤੇ ਨੇਵਾਡਾ ਤੇ ਐਰੀਜ਼ੋਨਾ ਵਿੱਚ ਵੀ ਬਾਇਡਨ ਨੂੰ ਮਾਮੂਲੀ ਫਰਕ ਨਾਲ ਹੀ ਸਹੀ ਪਰ ਲੀਡ ਹਾਸਲ ਹੈ। ਇਸ ਤਰ੍ਹਾਂ ਹੌਲੀ ਹੌਲੀ ਅੱਗੇ ਵੱਧਦੇ ਹੋਏ ਬਾਇਡਨ 270 ਵੋਟਾਂ ਹਾਸਲ ਕਰਨ ਦੇ ਕਾਫੀ ਨੇੜੇ ਪਹੁੰਚ ਗਏ ਹਨ ਤੇ ਇਸ ਨਾਲ ਉਨ੍ਹਾਂ ਦੀ ਜਿੱਤ ਤੈਅ ਹੋ ਚੁੱਕੀ ਹੈ।

ਪੈਨਸਿਲਵੇਨੀਆ ਵਿੱਚ ਟਰੰਪ ਦੀ ਲੀਡ ਬੁੱਧਵਾਰ ਨੂੰ 319,000 ਤੋਂ ਘੱਟ ਕੇ ਇੱਕ ਦਿਨ ਬਾਅਦ 74000 ਰਹਿ ਗਈ। ਜਾਰਜੀਆ ਵਿੱਚ ਵੀ ਉਨ੍ਹਾਂ ਦਾ ਮਾਰਜਿਨ 68000 ਤੋਂ ਘੱਟ ਕੇ 4000 ਰਹਿ ਗਿਆ। ਇਹ ਸਾਰੇ ਅੰਕੜੇ ਬਾਇਡਨ ਦੇ ਹੱਕ ਵਿੱਚ ਭੁਗਤ ਰਹੇ ਹਨ। ਫਿਲਾਡੈਲਫੀਆ ਤੇ ਅਟਲਾਂਟਾ ਵਿੱਚ ਤਾਂ ਡੈਮੋਕ੍ਰੈਟਿਕਸ ਦਾ ਆਧਾਰ ਮਜ਼ਬੂਤ ਹੀ ਹੈ। ਇਸ ਦੌਰਾਨ ਐਰੀਜ਼ੋਨਾ ਵਿੱਚ ਬਾਇਡਨ ਦੀ ਲੀਡ 93000 ਤੋਂ ਘੱਟ ਕੇ 65000 ਰਹਿ ਗਈ ਹੈ ਤੇ ਨੇਵਾਡਾ ਵਿੱਚ ਬਾਇਡਨ 11000 ਵੋਟਾਂ ਨਾਲ ਹੀ ਅੱਗੇ ਹਨ। ਬਹੁਤੇ ਟੈਲੀਵਿਜ਼ਨ ਨੈੱਟਵਰਕਸ ਵੱਲੋਂ ਬਾਇਡਨ ਨੂੰ ਇਲੈਕਟੋਰਲ ਕਾਲਜ ਵੋਟਾਂ ਵਿੱਚ 253 ਤੋਂ 214 ਦੀ ਲੀਡ ਦਿੱਤੀ ਜਾ ਰਹੀ ਹੈ। ਬੁੱਧਵਾਰ ਨੂੰ ਬਾਇਡਨ ਨੇ ਵਿਸਕੌਨਸਿਨ ਤੇ ਮਿਸ਼ੀਗਨ ਵਿੱਚ ਜਿੱਤ ਦਰਜ ਕਰਵਾਈ।

ਬਾਇਡਨ ਪੈਨਸਿਲਵੇਨੀਆ ਵਿੱਚ ਜਿੱਤ ਦਰਜ ਕਰਵਾਕੇ ਜਾਂ ਜਾਰਜੀਆ, ਨੇਵਾਡਾ ਤੇ ਐਰੀਜ਼ੋਨਾ ਵਿੱਚੋਂ ਦੋ ਸੀਟਾਂ ਉੱਤੇ ਜਿੱਤ ਦਰਜ ਕਰਵਾਕੇ ਅਗਲੇ ਰਾਸ਼ਟਰਪਤੀ ਬਣ ਸਕਦੇ ਹਨ। ਟਰੰਪ ਦੀ ਜਿੱਤ ਦੀ ਆਸ ਹੁਣ ਕਾਫੀ ਮੱਠੀ ਪੈ ਚੁੱਕੀ ਹੈ ਉਨ੍ਹਾਂ ਨੂੰ ਪੈਨਸਿਲਵੇਨੀਆ ਤੇ ਜਾਰਜੀਆ ਨੂੰ ਜਿੱਤਣਾ ਹੋਵੇਗਾ ਤੇ ਨੇਵਾਡਾ ਜਾਂ ਐਰੀਜ਼ੋਨਾ ਵਿੱਚੋਂ ਇੱਕ ਵਿੱਚ ਬਾਇਡਨ ਨੂੰ ਮਾਤ ਦੇਣੀ ਹੋਵੇਗੀ, ਜੋ ਕਿ ਸੰਭਵ ਨਜ਼ਰ ਨਹੀਂ ਆ ਰਿਹਾ।

ਅਜੇ ਵੀ ਕਈ ਸਟੇਟਸ ਵਿੱਚ ਵੋਟਾਂ ਦੀ ਗਿਣਤੀ ਚਾਲੂ ਹੈ। ਕਰੋਨਾਵਾਇਰਸ ਮਹਾਂਮਾਰੀ ਕਾਰਨ ਕਈ ਵੋਟਾਂ ਡਾਕ ਰਾਹੀਂ ਭੇਜੇ ਜਾਣ ਕਾਰਨ ਸਿਵਲ ਇੰਪਲੌਈਜ਼ ਵੱਲੋਂ ਮੈਥੌਡਿਕਲੀ ਵੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ। ਨਤੀਜਿਆਂ ਤੋਂ ਬੌਖਲਾਏ ਟਰੰਪ ਵੱਲੋਂ ਟਵਿੱਟਰ ਉੱਤੇ ਇਹ ਬਿਆਨ ਤੱਕ ਦੇ ਦਿੱਤਾ ਗਿਆ ਕਿ ਜੇ ਲੀਗਲ ਵੋਟਾਂ ਦੀ ਗਿਣਤੀ ਕੀਤੀ ਜਾਵੇ ਤਾਂ ਉਨ੍ਹਾਂ ਦੀ ਜਿੱਤ ਪੱਕੀ ਹੈ ਤੇ ਜੇ ਗੈਰਕਾਨੂੰਨੀ ਅਤੇ ਲੇਟ ਵੋਟਾਂ ਦੀ ਗਿਣਤੀ ਕੀਤੀ ਜਾਵੇ ਤਾਂ ਵਿਰੋਧੀ ਧਿਰ ਸਾਡੇ ਤੋਂ ਇਲੈਕਸਨ ਚੋਰੀ ਕਰ ਸਕਦੀ ਹੈ।

# ਓਸ਼ਾਵਾ ਪਲਾਂਟ ਨੂੰ ਮੁੜ ਖੋਲ੍ਹਣ ਲਈ ਜੀਐਮ ਤੇ ਯੂਨੀਫੌਰ ਦਰਮਿਆਨ ਡੀਲ ਸਿਰੇ ਚੜ੍ਹੀ



ਓਸ਼ਾਵਾ, 5 ਨਵੰਬਰ (ਪੋਸਟ ਬਿਊਰੋ) : ਜਨਰਲ ਮੋਟਰਜ਼ ਵੱਲੋਂ 2018 ਵਿੱਚ ਬੰਦ ਕੀਤੇ ਗਏ ਆਪਣੇ ਓਸ਼ਾਵਾ ਵਾਲੇ ਪਲਾਂਟ ਨੂੰ ਮੁੜ ਸ਼ੁਰੂ ਕੀਤੇ ਜਾਣ ਲਈ ਲੱਗਭਗ 1.3 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਇਸ ਤੋਂ ਬਾਅਦ 2022 ਵਿੱਚ ਇੱਥੋਂ ਹੈਵੀ ਡਿਊਟੀ ਟਰੱਕ ਤਿਆਰ ਹੋ ਕੇ ਬਾਹਰ ਆਉਣੇ ਸ਼ੁਰੂ ਹੋ ਜਾਣਗੇ। ਕੰਪਨੀ ਵੱਲੋਂ ਇਹ ਫੈਸਲਾ ਯੂਨੀਅਨ ਯੂਨੀਫੌਰ ਨਾਲ ਹੋਈ ਡੀਲ ਦੌਰਾਨ ਕੀਤਾ ਗਿਆ।

ਇਸ ਪਲਾਂਟ ਦੇ ਮੁੜ ਸ਼ੁਰੂ ਹੋਣ ਤੋਂ ਬਾਅਦ ਇੱਕ 2000 ਤੋਂ 2500 ਦੇ ਦਰਮਿਆਨ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ। ਇਹ ਜਾਣਕਾਰੀ ਯੂਨੀਫੌਰ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਨੇ ਦਿੱਤੀ।ਡਾਇਸ ਨੇ ਆਖਿਆ ਕਿ ਨਾ ਹੀ ਅਸੀਂ ਕਦੇ ਆਸ ਛੱਡੀ ਤੇ ਨਾ ਹੀ ਜਨਰਲ ਮੋਟਰਜ਼ ਨੇ ਹੀ ਕਦੇ ਆਸ ਛੱਡੀ। ਇਸ ਸਬੰਧ ਵਿੱਚ ਹੁਣ ਐਤਵਾਰ ਨੂੰ ਵੋਟ ਪਵੇਗੀ।

ਇਸ ਪਲਾਂਟ ਵਿੱਚ ਹੈਵੀ ਤੇ ਲਾਈਟ ਡਿਊਟੀ, ਜਿਵੇਂ ਕਿ ਸਿਲਵਰਾਡੋ ਤੇ ਸਿਏਰਾ, ਦੋਵੇਂ ਤਰ੍ਹਾਂ ਦੇ ਟਰੱਕ ਬਣਾਏ ਜਾਣਗੇ। ਇਹ ਵੀ ਉਮੀਦ ਹੈ ਕਿ ਵਰਕਰਜ਼ ਦੋ ਜਾਂ ਤਿੰਨ ਸ਼ਿਫਟਾਂ ਵਿੱਚ ਕੰਮ ਕਰਨਗੇ।ਡਾਇਸ ਨੇ ਆਖਿਆ ਕਿ ਕਰੋਨਾਵਾਇਰਸ ਮਹਾਂਮਾਰੀ ਨੇ ਭਾਵੇਂ ਆਟੋ ਇੰਡਸਟਰੀ ਨੂੰ ਵੀ ਭਾਰੀ ਖੋਰਾ ਲਾਇਆ ਪਰ ਆਖਿਰਕਾਰ ਅਸੀਂ ਜੀਐਮ ਨਾਲ ਸਮਝੌਤਾ ਕਰਨ ਵਿੱਚ ਕਾਮਯਾਬ ਹੋ ਗਏ।ਉਨ੍ਹਾਂ ਆਖਿਆ ਕਿ ਕੈਨੇਡਾ ਜਨਰਲ ਮੋਟਰਜ਼ ਦਾ ਹਮੇਸ਼ਾਂ ਬਹੁਤ ਭਰੋਸੇ ਵਾਲਾ ਕਸਟਮਰ ਰਿਹਾ ਹੈ ਤੇ ਉਹ ਵੀ ਇਹ ਜਾਣਦੇ ਹਨ।

ਜ਼ਿਕਰਯੋਗ ਹੈ ਕਿ ਓਸ਼ਾਵਾ ਪਲਾਂਟ ਕਦੇ ਟੋਰਾਂਟੋ ਦੇ ਪੂਰਬ ਵਿੱਚ ਓਨਟਾਰੀਓ ਸਿਟੀ ਵਿੱਚ ਅਹਿਮ ਇੰਪਲੌਇਰ ਹੁੰਦਾ ਸੀ। ਪਿਛਲੇ ਕੁੱਝ ਸਾਲਾਂ ਵਿੱਚ ਕੁੱਝ ਲੋਕਾਂ ਨੇ ਇੱਥੇ ਕੰਮ ਵੀ ਕੀਤਾ ਪਰ 2018 ਵਿੱਚ ਪਲਾਂਟ ਨੂੰ ਬੰਦ ਕਰਨ ਦੇ ਐਲਾਨ ਨੇ ਤਾਂ ਇੱਕ ਵਾਰੀ ਸੱਭ ਨੂੰ ਹੀ ਹਿਲਾ ਕੇ ਰੱਖ ਦਿੱਤਾ ਸੀ। ਡਾਇਸ ਨੇ ਆਖਿਆ ਕਿ ਯੂਨੀਫੌਰ ਨੇ ਕ੍ਰਾਈਸਲਰ ਤੇ ਜੀ ਐਮ ਨਾਲ ਵੀ ਸਮਝੌਤਿਆਂ ਬਾਰੇ ਗੱਲਬਾਤ ਕੀਤੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਪਲਾਂਟ ਵਿੱਚ ਪਹਿਲੀ ਸ਼ਿਫਟ ਜਨਵਰੀ 2022 ਵਿੱਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਸਬੰਧੀ ਫੈਡਰਲ ਮੰਤਰੀ ਨਵਦੀਪ ਬੈਂਸ ਦੇ ਸੀਨੀਅਰ ਕਮਿਊਨਿਕੇਸ਼ਨ ਐਡਵਾਈਜ਼ਰ ਜੌਹਨ ਪੌਵਰ ਨੇ ਆਖਿਆ ਕਿ ਉਨ੍ਹਾਂ ਨੂੰ ਜੀਐਮ ਤੇ ਯੂਨੀਫੌਰ ਦਰਮਿਆਨ ਹੋਏ ਇਸ ਸਮਝੌਤੇ ਲਈ ਕਾਫੀ ਖੁਸ਼ੀ ਹੈ।

ਪੌਵਰ ਨੇ ਆਖਿਆ ਕਿ ਸਾਡੀ ਸਰਕਾਰ ਕੈਨੇਡੀਅਨ ਆਟੋ ਵਰਕਰਜ਼ ਦੇ ਸਮਰਥਨ ਲਈ ਹਮੇਸ਼ਾਂ ਤਿਆਰ ਹੈ। 2015 ਤੋਂ ਅਸੀਂ ਹਜ਼ਾਰਾਂ ਨੌਕਰੀਆਂ ਬਚਾਉਣ, ਨਵੀਂ ਨਾਫਟਾ ਡੀਲ ਬਾਰੇ ਗੱਲਬਾਤ ਕਰਨ, ਮਾਈਨਿੰਗ ਤੋਂ ਲੈ ਕੇ ਬੈਟਰੀ ਉਤਪਾਦਨ ਤੱਕ ਆਲ ਕੈਨੇਡੀਅਨ ਇਲੈਕਟ੍ਰਿਕ ਵ੍ਹੀਕਲ ਸਪਲਾਈ ਚੇਨ ਨੂੰ ਬਰਕਰਾਰ ਰੱਖਣ ਲਈ ਪਾਲਿਸੀ ਵਿਜ਼ਨ ਤਿਆਰ ਕਰਨ ਲਈ ਹਰ ਕੋਸ਼ਿਸ਼ ਕਰਦੇ ਆ ਰਹੇ ਹਾਂ। ਅਸੀਂ ਦਰਸਾਇਆ ਹੈ ਕਿ ਅਸੀਂ ਆਪਣੇ ਆਟੋ ਸੈਕਟਰ ਦੇ ਭਵਿੱਖ ਦਾ ਸਮਰਥਨ ਕਰਨ ਲਈ ਹਰ ਵੇਲੇ ਤਿਆਰ ਹਾਂ।

# ਸੀ ਏ ਐਮ ਐਚ ਤੋਂ ਲਾਪਤਾ ਵਿਅਕਤੀ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸੀ ਏ ਐਮ ਐਚ (ਸੈਂਟਰ ਫੌਰ ਅਡਿਕਸ਼ਨ ਐਂਡ ਮੈਂਟਲ ਹੈਲਥ) ਤੋਂ ਲਾਪਤਾ ਹੋਏ ਵਿਅਕਤੀ ਨੂੰ ਭਾਲਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਇਸ ਲਈ ਪੁਲਿਸ ਵੱਲੋਂ ਲੋਕਾਂ ਤੋਂ ਵੀ ਮਦਦ ਦੀ ਅਪੀਲ ਕੀਤੀ ਜਾ ਰਹੀ ਹੈ।

ਗਾਇਬ ਹੋਏ ਇਸ 54 ਸਾਲਾ ਵਿਅਕਤੀ ਨੂੰ ਆਖਰੀ ਵਾਰੀ ਕੁਈਨ ਤੇ ਓਸਿੰਗਟਨ ਏਰੀਆ ਵਿੱਚ ਬੁੱਧਵਾਰ ਸਵੇਰੇ 11:30 ਵਜੇ ਵੇਖਿਆ ਗਿਆ। ਉਸ ਦਾ ਕੱਦ 5 ਫੁੱਟ 4 ਇੰਚ, ਵਾਲਾ ਦਾ ਰੰਗ ਭੂਰਾ ਤੇ ਉਹ ਮੋਢੇ ਤੱਕ ਲੰਮੇਂ ਹਨ, ਅੱਖਾਂ ਭੂਰੀਆਂ ਤੇ ਕੱਦਕਾਠੀ ਦਰਮਿਆਨੀ ਦੱਸੀ ਜਾਂਦੀ ਹੈ।

ਉਸ ਨੇ ਚਿੱਟੇ ਰੰਗ ਦਾ ਸਵੈਟਰ, ਕਾਲੀ ਵੈਸਟ, ਕਾਲਾ ਮਾਸਕ ਤੇ ਚਿੱਟੀ ਪੈਂਟ ਪਾਈ ਹੋਈ ਸੀ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਹ ਉਸ ਦੀ ਸੇਫਟੀ ਨੂੰ ਲੈ ਕੇ ਚਿੰਤਤ ਹਨ। ਪੁਲਿਸ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਸ ਦੇ ਨਜ਼ਰ ਆਉਣ ਉੱਤੇ ਤੁਰੰਤ 911 ਉੱਤੇ ਕਾਲ ਕੀਤਾ ਜਾਵੇ।

# ਵਾਟਰਲੂ ਵਿੱਚ ਇੱਕ ਵਿਆਹ ਸਮਾਰੋਹ ਵਿੱਚ ਹੋਈ ਕੋਵਿਡ-19 ਆਊਟਬ੍ਰੇਕ, 16 ਵਿਅਕਤੀ ਆਏ ਪਾਜ਼ੀਟਿਵ



ਵਾਟਰਲੂ, 5 ਨਵੰਬਰ (ਪੋਸਟ ਬਿਊਰੋ) : ਪਬਲਿਕ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਾਟਰਲੂ ਰੀਜਨ ਵਿੱਚ ਇੱਕ ਫੈਸਿਲਿਟੀ ਵਿੱਚ ਹੋਏ ਵਿਆਹ ਸਮਾਰੋਹ ਨਾਲ ਜੁੜੇ ਕੋਵਿਡ-19 ਦੇ 16 ਮਾਮਲੇ ਸਾਹਮਣੇ ਆਏ ਹਨ।

ਵਾਟਰਲੂ ਪਬਲਿਕ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਪਾਜ਼ੀਟਿਵ ਪਾਏ ਗਏ ਲੋਕਾਂ ਵਿੱਚੋਂ ਬਹੁਤੇ ਲੋਕਲ ਰੈਜ਼ੀਡੈਂਟਸ ਨਹੀਂ ਹਨ। ਹੈਲਥ ਯੂਨਿਟ ਨੇ ਇਹ ਨਹੀਂ ਦੱਸਿਆ ਕਿ ਇਹ ਈਵੈਂਟ ਕਦੋਂ ਹੋਇਆ ਸੀ ਤੇ ਜਾਂ ਫਿਰ ਇਹ ਕਿਸ ਫੈਸਿਲਿਟੀ ਵਿੱਚ ਹੋਇਆ ਸੀ। ਰੀਜਨ ਦੇ ਐਸੋਸਿਏਟ ਮੈਡੀਕਲ ਆਫੀਸਰ ਆਫ ਹੈਲਥ ਡਾ. ਰਾਇਨ ਵੈਨ ਮੀਰ ਨੇ ਆਖਿਆ ਕਿ ਪਾਜ਼ੀਟਿਵ ਆਉਣ ਵਾਲਿਆਂ ਦੇ ਸੰਪਰਕ ਵਿੱਚ ਆਉਣ ਵਾਲੇ ਹਾਈ ਰਿਸਕ ਵਿਅਕਤੀਆਂ ਦੀ ਪਛਾਣ ਕਰਨ ਲਈ ਹੈਲਥ ਯੂਨਿਟ ਪੂਰੀ ਵਾਹ ਲਾ ਰਹੀ ਹੈ।

ਡਾ. ਵੈਨ ਮੀਰ ਨੇ ਆਖਿਆ ਕਿ ਆਊਟਬ੍ਰੇਕ ਦੇ ਸਬੰਧ ਵਿੱਚ ਜਾਂਚ ਕਰਵਾਉਣ ਬਾਰੇ ਹੈਲਥ ਯੂਨਿਟ ਪੂਰੀ ਸਰਗਰਮੀ ਨਾਲ ਕੰਮ ਕਰ ਰਹੀ ਹੈ। ਪਿਛਲੇ ਹਫਤੇ ਵਾਅਨ ਵਿੱਚ ਹੋਏ ਇੱਕ ਵਿਆਹ ਸਮਾਰੋਹ ਵਿੱਚ ਵੀ ਕੋਵਿਡ-19 ਆਊਟਬ੍ਰੇਕ ਹੋਈ ਸੀ ਤੇ ਉਸ ਸਮੇਂ ਕੋਵਿਡ-19 ਦੇ 44 ਮਾਮਲੇ ਸਾਹਮਣੇ ਆਏ ਸਨ।

# ਕਰੋਨਾਵਾਇਰਸ ਦੇ 7 ਮਾਮਲਿਆਂ ਦੀ ਪੁਸ਼ਟੀ ਤੋਂ ਬਾਅਦ ਪਬਲਿਕ ਸਕੂਲ ਨੂੰ ਕੀਤਾ ਗਿਆ ਬੰਦ




ਵਾਅਨ, 5 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਤੋਂ ਬਾਅਦ ਵਾਅਨ ਦੇ ਇੱਕ ਪਬਲਿਕ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ।

ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਦੀ ਵੈੱਬਸਾਈਟ ਅਨੁਸਾਰ ਵੁੱਡਬ੍ਰਿਜ ਦੇ ਐਲਡਰਜ਼ ਮਿੱਲਜ਼ ਪਬਲਿਕ ਸਕੂਲ ਵਿੱਚ ਸੱਤ ਪਾਜ਼ੀਟਿਵ ਕੇਸ ਪਾਏ ਜਾਣ ਦੀ ਪੁਸ਼ਟੀ ਹੋਣ ਤੋਂ ਬਾਅਦ ਇਸ ਨੂੰ ਬੰਦ ਕਰ ਦਿੱਤਾ ਗਿਆ। ਬੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਸਕੂਲ 11 ਨਵੰਬਰ ਨੂੰ ਮੁੜ ਖੁੱਲ੍ਹ ਜਾਵੇਗਾ। ਉਦੋਂ ਤੱਕ ਵਿਦਿਆਰਥੀ ਵਰਚੂਅਲ ਲਰਨਿੰਗ ਮਾਡਲ ਅਨੁਸਾਰ ਹੀ ਪੜ੍ਹਾਈ ਕਰਨਗੇ।

ਸਕੂਲ ਦੀ ਵੈੱਬਸਾਈਟ ਉੱਤੇ ਪਾਏ ਗਏ ਮੈਸੇਜ ਅਨੁਸਾਰ ਜਿਨ੍ਹਾਂ ਨੂੰ ਕਰੋਨ-ਾਵਾਇਰਸ ਹੋਣ ਦੀ ਪੁਸ਼ਟੀ ਹੋਈ ਹੈ ਉਨ੍ਹਾਂ ਨਾਲ ਪਬਲਿਕ ਹੈਲਥ ਸਿੱਧੇ ਤੌਰ ਉੱਤੇ ਰਾਬਤਾ ਰੱਖੇਗੀ। ਇਹ ਵੀ ਆਖਿਆ ਗਿਆ ਕਿ ਹਰ ਤਰ੍ਹਾਂ ਦੇ ਅਹਿਤਿਆਤੀ ਕਦਮ ਚੁੱਕੇ ਜਾ ਰਹੇ ਹਨ।

ਪ੍ਰੋਵਿੰਸ਼ੀਅਲ ਹੈਲਥ ਅਧਿਕਾਰੀਆਂ ਵੱਲੋਂ ਦਿੱਤੀ ਗਈ ਤਾਜ਼ਾ ਅਪਡੇਟ ਅਨੁਸਾਰ 4,828 ਵਿੱਚੋਂ ਸਿਰਫ ਇਹੋ ਪਬਲਿਕ ਐਲੀਮੈਂਟਰੀ ਸਕੂਲ ਹੈ ਜਿਹੜਾ ਆਊਟਬ੍ਰੇਕ ਕਾਰਨ ਬੰਦ ਕਰਨਾ ਪਿਆ ਹੈ।

# ਫਲੈਮਿੰਗਡਨ ਪਾਰਕ ਵਿੱਚ ਖੜ੍ਹੀ ਕਾਰ ਵਿੱਚੋਂ ਮਿਲੀ ਵਿਅਕਤੀ ਦੀ ਲਾਸ਼



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਫਲੈਮਿੰਗਡਨ ਪਾਰਕ ਵਿੱਚ ਇੱਕ ਗੱਡੀ ਦੀ ਬੈਕਸੀਟ ਤੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। 31 ਅਕਤੂਬਰ ਨੂੰ ਸ਼ਾਮੀਂ 4:00 ਵਜੇ 35 ਡੈਨਿਸ ਡਰਾਈਵ ਦੇ ਨੇੜੇ ਪੁਲਿਸ ਨੂੰ ਸੱਦਿਆ ਗਿਆ। ਇੱਥੇ ਨੇੜੇ ਹੀ ਸਥਿਤ ਇੱਕ ਬਿਲਡਿੰਗ ਦੇ ਵਸਨੀਕਾਂ ਨੂੰ ਕਾਲੇ ਰੰਗ ਦੀ ਦੋ ਦਰਵਾਜ਼ਿਆਂ ਵਾਲੀ ਸੇਡਾਨ ਉੱਤੇ ਉਸ ਸਮੇਂ ਸ਼ੱਕ ਪਿਆ ਜਦੋਂ ਉਹ ਕਾਰ ਪਿਛਲੇ ਦਸ ਦਿਨਾਂ ਤੋਂ ਬਿਲਡਿੰਗ ਦੇ ਪਿੱਛੇ ਵਾਲੇ ਪਾਰਕਿੰਗ ਲੌਟ ਵਿੱਚ ਹੀ ਖੜ੍ਹੀ ਪਾਈ ਗਈ। ਜਦੋਂ ਉਨ੍ਹਾਂ ਕਾਰ ਦੇ ਅੰਦਰ ਝਾਤੀ ਮਾਰ ਕੇ ਵੇਖਿਆ ਤਾਂ ਪਿਛਲੀ ਸੀਟ ਉੱਤੇ ਇੱਕ ਵਿਅਕਤੀ ਮ੍ਰਿਤਕ ਪਿਆ ਮਿਲਿਆ। ਇਸ ਵਿਅਕਤੀ ਦੀ ਪਛਾਣ ਓਸ਼ਾਵਾ ਦੇ ਕਾਇਸ ਨੂਰੀ ਵਜੋਂ ਹੋਈ ਹੈ। ਉਸ ਨੇ ਕਾਲੇ ਰੰਗ ਦੀਆਂ ਸਵੈਟਪੈਂਟਸ, ਕਾਲੇ ਰੰਗ ਦੀ ਲੰਮੀਆਂ ਬਾਹਾਂ ਵਾਲੀ ਸ਼ਰਟ ਤੇ ਹਰੇ ਰੰਗ ਦੀ ਜੈਕੇਟ ਪਾਈ ਹੋਈ ਸੀ ਜਿਸ ਦੇ ਕੌਲਰ ਦੇ ਆਲੇ ਦੁਆਲੇ ਭੂਰੇ ਰੰਗ ਦੀ ਫਰ ਸੀ। ਇਸ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਸਕਾਰਬੌਰੋ ਦੇ ਸਕੂਲ ਦੇ ਟੀਚਰਜ਼ ਤੇ ਅਮਲਾ ਮੈਂਬਰਾਂ ਵੱਲੋਂ ਕੰਮ ਕਰਨ ਤੋਂ ਇਨਕਾਰ




ਸਕਾਰਬੌਰੋ, 5 ਨਵੰਬਰ (ਪੋਸਟ ਬਿਊਰੋ): ਸਕਾਰਬੌਰੋ ਦੇ ਇੱਕ ਐਲੀਮੈਂਟਰੀ ਸਕੂਲ, ਜਿਹੜਾ ਕੋਵਿਡ-19 ਆਊਟਬ੍ਰੇਕ ਦੇ ਬਾਵਜੂਦ ਖੁੱਲ੍ਹਾ ਰਿਹਾ, ਦੇ ਟੀਚਰਜ਼ ਤੇ ਅਮਲਾ ਮੈਂਬਰਾਂ ਵਿੱਚੋਂ ਕਈਆਂ ਨੇ ਹੁਣ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਬੀਤੇ ਸ਼ੁੱਕਰਵਾਰ ਨੂੰ ਬਰਚਮਾਊਂਟ ਰੋਡ ਤੇ ਹਾਈਵੇਅ 401 ਨੇੜੇ ਗਲੈਮੌਰਗਨ ਜੂਨੀਅਰ ਪਬਲਿਕ ਸਕੂਲ ਦੇ ਨੌਂ ਸਟਾਫ ਮੈਂਬਰ ਤੇ ਦੋ ਵਿਦਿਆਰਥੀਆਂ ਦੇ ਕੋਵਿਡ-19 ਪਾਜ਼ੀਟਿਵ ਹੋਣ ਦੀ ਪੁਸ਼ਟੀ ਹੋਈ ਸੀ। ਟੋਰਾਂਟੋ ਪਬਲਿਕ ਹੈਲਥ ਦੇ ਹੁਕਮਾਂ ਦੇ ਮੱਦੇਨਜ਼ਰ 58 ਹੋਰ ਵਿਦਿਆਰਥੀਆਂ ਨੂੰ ਸੈਲਫ ਆਈਸੋਲੇਟ ਹੋਣਾ ਪਿਆ। ਸੋਮਵਾਰ ਸਵੇਰੇ ਕਈ ਸਟਾਫ ਮੈਂਬਰ ਸਕੂਲ ਦੇ ਬਾਹਰ ਇਹ ਆਖਦੇ ਨਜ਼ਰ ਆਏ ਕਿ ਆਊਟਬ੍ਰੇਕ ਦੇ ਚੱਲਦਿਆਂ ਸਕੂਲ ਨੂੰ ਬੰਦ ਕੀਤਾ ਜਾਵੇ।

ਗਲੈਮੌਰਗਨ ਜੂਨੀਅਰ ਪਬਲਿਕ ਸਕੂਲ ਦੇ ਅਮਲੇ ਨੇ ਪ੍ਰਿੰਸੀਪਲ ਟੈਰੀ ਮੋਲਨਰ ਤੇ ਟੀ ਡੀ ਐਸ ਬੀ ਨੂੰ ਆਰਜ਼ੀ ਤੌਰ ਉੱਤੇ ਸਕੂਲ ਬੰਦ ਕਰਨ ਜਾਂ ਵਾਧੂ ਸੇਫਟੀ ਮਾਪਦੰਡ ਲਾਗੂ ਕਰਨ ਦੀ ਅਪੀਲ ਕੀਤੀ ਪਰ ਸੋਮਵਾਰ ਤੱਕ ਸਕੂਲ ਖੁੱਲ੍ਹਿਆ ਹੋਇਆ ਸੀ। ਟੀ ਡੀ ਐਸ ਬੀ ਦੇ ਬੁਲਾਰੇ ਨੇ ਪਿਛਲੇ ਹਫਤੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਕੋਵਿਡ-19 ਆਊਟਬ੍ਰੇਕ ਸਕੂਲ ਦੇ ਇੱਕ ਵਿੰਗ ਤੱਕ ਹੀ ਸੀਮਤ ਸੀ ਤੇ ਉਨ੍ਹਾਂ ਵੱਲੋਂ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਬਾਕੀ ਸਕੂਲ ਵਿੱਚ ਕੋਈ ਵਾਇਰਸ ਨਹੀਂ ਪਾਇਆ ਗਿਆ।

# ਪਾਰਲੀਆਮੈਂਟ ਸਟਰੀਟ 'ਤੇ ਹਾਦਸਾ, ਇੱਕ ਜ਼ਖ਼ਮੀ



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਪਾਰਲੀਆਮੈਂਟ ਸਟਰੀਟ ਉੱਤੇ ਪੁਲਿਸ ਕਰੂਜ਼ਰ ਦੀ ਸ਼ਮੂਲੀਅਤ ਵਾਲੇ ਇੱਕ ਹਾਦਸੇ ਕਾਰਨ ਬਲੂਅਰ ਸਟਰੀਟ ਤੋਂ ਵੈਲਸਲੇ ਤੱਕ ਸਟਰੀਟ ਬੰਦ ਕਰਨੀ ਪਈ।

ਦੋਵਾਂ ਪਾਸਿਆਂ ਤੋਂ ਆਵਾਜਾਈ ਬੰਦ ਕਰਨ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ। ਇਹ ਹਾਦਸਾ ਸਵੇਰੇ 8:00 ਵਜੇ ਪਾਰਲੀਆਮੈਂਟ ਸਟਰੀਟ ਤੇ ਜੇਮਜ਼ ਐਵਨਿਊ ਦਰਮਿਆਨ ਵਾਪਰਿਆ।

ਪੁਲਿਸ ਨੇ ਦੱਸਿਆ ਹਾਦਸੇ ਵਿੱਚ ਦੋ ਗੱਡੀਆਂ ਸ਼ਾਮਲ ਸਨ। ਇੱਕ ਪੁਲਿਸ ਅਧਿਕਾਰੀ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

# ਲਿਬਰਲਾਂ ਦੇ ਘਪਲਿਆਂ ਦਾ ਐਥਿਕਸ ਕਮੇਟੀ ਕਰ ਸਕੇਗੀ ਅਧਿਐਨ



ਓਟਵਾ, 5 ਨਵੰਬਰ (ਪੋਸਟ ਬਿਊਰੋ) : ਕਈ ਹਫਤਿਆਂ ਦੀ ਬਹਿਸ, ਦੋ ਵਾਰੀ ਮਤਾ ਅਸਫਲ ਰਹਿਣ ਤੋਂ ਬਾਅਦ ਪਾਰਲੀਆਮੈਂਟਰੀ ਕਮੇਟੀ ਨੂੰ ਆਖਿਰਕਾਰ ਜਸਟਿਨ ਟਰੂਡੋ ਤੇ ਉਨ੍ਹਾਂ ਦੀ ਪਤਨੀ ਵੱਲੋਂ ਵੂਈ ਚੈਰਿਟੀ ਲਈ ਦਿੱਤੇ ਗਏ ਭਾਸ਼ਣ ਬਦਲੇ ਕਿੰਨੇ ਪੈਸੇ ਵਸੂਲੇ ਗਏ ਇਸ ਦਾ ਅਧਿਐਨ ਕਰਨ ਦਾ ਮੌਕਾ ਮਿਲੇਗਾ। ਇਸ ਦੇ ਨਾਲ ਹੀ ਲਿਬਰਲਾਂ ਦੇ ਹੋਰ ਘਪਲਿਆਂ ਦਾ ਵੀ ਕਮੇਟੀ ਅਧਿਐਨ ਕਰ ਸਕੇਗੀ।

ਸਤੰਬਰ ਵਿੱਚ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਇਸ ਵਿਸ਼ੇ ਉੱਤੇ ਬਹੁਤ ਘੱਟ ਬਹਿਸ ਹੋਈ ਹੈ। ਫੈਡਰਲ ਐਥਿਕਸ ਕਮੇਟੀ ਅਸਲ ਵਿੱਚ ਵੂਈ ਸਕੈਂਡਲ ਦੇ ਅਧਿਐਨ ਨੂੰ ਮੁੜ ਲਾਂਚ ਕਰ ਸਕਦੀ ਹੈ। ਇਸ ਦੌਰਾਨ ਐਨਡੀਪੀ ਐਮਪੀ ਚਾਰਲੀ ਐਂਗਸ ਨੇ ਕਮੇਟੀ ਸਾਹਮਣੇ ਮਤਾ ਪੇਸ਼ ਕੀਤਾ ਜਿਸ ਵਿੱਚ ਫੈਡਰਲ ਸਰਕਾਰ ਦੇ ਖਰਚਿਆਂ ਵਿੱਚ ਕੌਨਫਲਿਕਟ ਆਫ ਇੰਟਰਸਟ ਨੂੰ ਰੋਕਣ ਲਈ ਅਪਣਾਏ ਗਏ ਸੁਰੱਖਿਆ ਉਪਾਵਾਂ ਦਾ ਮੁਲਾਂਕਣ ਜਾਰੀ ਰੱਖਣ ਦੀ ਗੱਲ ਆਖੀ ਗਈ। ਇਸ ਅਧਿਐਨ ਤਹਿਤ ਟੋਰਾਂਟੋ ਸਰਕਾਰ ਤੇ ਵੂਈ ਚੈਰਿਟੀ ਦਰਮਿਆਨ ਹੋਈ 543.5 ਮਿਲੀਅਨ ਡਾਲਰ ਦੀ ਡੀਲ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ ਮਤੇ ਨੂੰ ਬਾਕੀ ਤਿੰਨ ਵਿਰੋਧੀ ਪਾਰਟੀਆਂ ਦਾ ਸਮਰਥਨ ਵੀ ਹਾਸਲ ਹੈ।

# ਗੋਲੀ ਚੱਲਣ ਦੀਆਂ ਵਾਪਰੀਆਂ ਦੋ ਘਟਨਾਵਾਂ ਵਿਚ ਇਕ ਹਲਾਕ, ਕਈ ਜ਼ਖ਼ਮੀ




ਨਾਇਗਰਾ, 5 ਨਵੰਬਰ (ਪੋਸਟ ਬਿਊਰੋ) : ਨਾਇਗਰਾ ਫਾਲਜ਼ ਵਿੱਚ ਦੇਰ ਰਾਤ ਵਾਪਰੇ ਗੋਲੀਕਾਂਡ ਵਿੱਚ ਕਈ ਵਿਅਕਤੀ ਜ਼ਖ਼ਮੀ ਹੋ ਗਏ। ਇਸ ਦੌਰਾਨ ਲਿੰਕਨ ਟਾਊਨ ਵਿੱਚ ਗੋਲੀ ਚੱਲਣ ਦੀ ਵਾਪਰੀ ਇੱਕ ਹੋਰ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।ਇਹ ਜਾਣਕਾਰੀ ਨਾਇਗਰਾ ਪੁਲਿਸ ਵੱਲੋਂ ਦਿੱਤੀ ਗਈ।

ਪੁਲਿਸ ਨੂੰ ਸੈਂਟਰ ਸਟਰੀਟ ਤੇ ਐਲਨ ਐਵਨਿਊ ਇਲਾਕੇ ਵਿੱਚ ਗੋਲੀ ਚੱਲਣ ਦੀਆਂ ਰਿਪੋਰਟਾਂ ਤੋਂ ਬਾਅਦ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਲੋਕਾਂ ਨੂੰ ਗੋਲੀ ਲੱਗੀ ਤੇ ਸਾਰੇ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਪਰ ਸਾਰੇ ਖਤਰੇ ਤੋਂ ਬਾਹਰ ਦੱਸੇ ਗਏ। ਇਸ ਤੋਂ ਜ਼ਿਆਦਾ ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

ਪੁਲਿਸ ਵੱਲੋਂ ਅਜੇ ਤੱਕ ਨਾ ਤਾਂ ਜ਼ਖ਼ਮੀਆਂ ਦੀ ਗਿਣਤੀ ਦੱਸੀ ਗਈ ਤੇ ਨਾ ਹੀ ਉਨ੍ਹਾਂ ਦੀ ਉਮਰ ਤੇ ਲਿੰਗਕ ਪਛਾਣ ਬਾਰੇ ਹੀ ਕੋਈ ਜਾਣਕਾਰੀ ਦਿੱਤੀ ਗਈ। ਇਹ ਘਟਨਾ ਕਿਉਂ ਵਾਪਰੀ ਇਸ ਬਾਰੇ ਵੀ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਹੈ ਪਰ ਪੁਲਿਸ ਨੇ ਆਖਿਆ ਕਿ ਇਹ ਸੋਚ ਸਮਝ ਕੇ ਅੰਜਾਮ ਦਿੱਤੀ ਗਈ ਵਾਰਦਾਤ ਹੈ। ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ।

ਇਸ ਦੌਰਾਨ ਲਿੰਕਨ ਟਾਊਨ ਵਿੱਚ ਗੋਲੀ ਚੱਲਣ ਦੀ ਵਾਪਰੀ ਇੱਕ ਹੋਰ ਘਟਨਾ ਦੇ ਸਬੰਧ ਵਿੱਚ ਨਾਇਗਰਾ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ।ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।ਇਕ ਮਸ਼ਕੂਕ ਦੇ ਇਲਾਕੇ ਵਿੱਚ ਹੋਣ ਤੋਂ ਬਾਅਦ ਜਾਂਚਕਾਰਾਂ ਨੂੰ ਫਰੈਚਿਓਨੀ ਡਰਾਈਵ ਤੇ ਸੈਸ਼ੇ ਕੋਰਟ ਸੱਦਿਆ ਗਿਆ।ਪੁਲਿਸ ਵੱਲੋਂ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਗਈ।

# ਟੋਰਾਂਟੋ ਵਿੱਚ 60-70 ਲੋਕਾਂ ਨਾਲ ਪਾਰਟੀ ਕਰਨ ਵਾਲੇ ਖਿਲਾਫ ਲਾਏ ਗਏ ਚਾਰਜਿਜ਼



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੰਸੀਡੈਂਟ ਕਮਾਂਡਰ ਦਾ ਕਹਿਣਾ ਹੈ ਕਿ ਇਸ ਹੈਲੋਈਨ ਵੀਕੈਂਡ ਉੱਤੇ ਬਹੁਤੇ ਲੋਕਾਂ ਨੇ ਸਿਟੀ ਦੀਆਂ ਸੇਫਟੀ ਸਬੰਧੀ ਪ੍ਰੋਟੋਕਾਲਜ਼ ਦੀ ਪਾਲਣਾ ਕੀਤੀ ਪਰ ਇੱਕ ਆਰਗੇਨਾਈਜ਼ਰ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੋਮਵਾਰ ਨੂੰ ਕੋਵਿਡ-19 ਦੀ ਬ੍ਰੀਫਿੰਗ ਮੌਕੇ ਮੈਥਿਊ ਪੈਂਗ ਨੇ ਆਖਿਆ ਕਿ ਇੱਕ ਪ੍ਰਬੰਧਕ ਅਜਿਹਾ ਸੀ ਜਿਸ ਨੇ ਵੱਡੀ ਪਾਰਟੀ ਦਾ ਆਯੋਜਨ ਕੀਤਾ ਤੇ ਉਸ ਨੇ 10 ਤੋਂ ਵੱਧ ਲੋਕਾਂ ਨੂੰ ਇੱਕੋ ਵੇਲੇ ਵਿੱਚ ਇੰਡੋਰ ਪਾਰਟੀ ਕਰਨ ਦੀ ਖੁੱਲ੍ਹ ਦਿੱਤੀ। ਇਸ ਮਗਰੋਂ ਪੁਲਿਸ ਅਧਿਕਾਰੀ ਨੇ ਮੌਕੇ ਉੱਤੇ ਪਹੁੰਚ ਕੇ ਬਣਦੀ ਕਾਰਵਾਈ ਕੀਤੀ। ਇਸ ਪਾਰਟੀ ਦਾ ਪਤਾ ਲੱਗਦੇ ਸਾਰ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਤੇ ਇੱਕ ਆਰਗੇਨਾਈਜ਼ਰ ਖਿਲਾਫ ਚਾਰਜਿਜ਼ ਵੀ ਲਾਏ ਗਏ ਹਨ। ਇਸ ਦੇ ਨਾਲ ਹੀ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੈਂਗ ਨੇ ਦੱਸਿਆ ਕਿ ਵੀਕੈਂਡ ਉੱਤੇ ਉਸ ਦੀ ਟੀਮ ਨੂੰ ਪ੍ਰਾਈਵੇਟ ਇੱਕਠਾਂ ਦੇ ਸਬੰਧ ਵਿੱਚ 33 ਸ਼ਿਕਾਇਤਾਂ ਮਿਲੀਆਂ। ਇਨ੍ਹਾਂ ਵਿੱਚੋਂ ਸਿਰਫ ਦੋ ਪਾਰਟੀਆਂ ਵਿੱਚ ਹੀ ਕਾਰਵਾਈ ਕਰਨ ਦੀ ਲੋੜ ਪਈ ਤੇ ਟਿਕਟਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਪਬਲਿਕ ਹੈਲਥ ਮਾਪਦੰਡਾਂ ਦੀ ਪਾਲਣਾ ਕਰਨ ਲਈ ਸਾਰਿਆਂ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਪ੍ਰੋਵਿੰਸ ਵਿੱਚ ਜਾਰੀ ਨਿਯਮਾਂ ਮੁਤਾਬਕ 10 ਤੋਂ ਵੱਧ ਲੋਕਾਂ ਨਾਲ ਇੰਡੋਰ ਪਾਰਟੀ ਕਰਨ ਵਾਲੇ ਨੂੰ ਵੱਧ ਤੋਂ ਵੱਧ 10,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ ਜਦਕਿ ਅਜਿਹੀ ਪਾਰਟੀ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਨੂੰ 750 ਡਾਲਰ (ਪ੍ਰਤੀ ਵਿਅਕਤੀ) ਜੁਰਮਾਨਾ ਹੋ ਸਕਦਾ ਹੈ।

# ਛੁਰੇਬਾਜ਼ੀ ਕਾਰਨ ਇਕ ਵਿਅਕਤੀ ਜ਼ਖ਼ਮੀ, ਹਸਪਤਾਲ 'ਚ ਦਾਖਲ




ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਛੁਰੇਬਾਜ਼ੀ ਕਾਰਨ ਜ਼ਖ਼ਮੀ 40 ਸਾਲਾ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਇਹ ਵਿਅਕਤੀ ਸਵੇਰੇ 3:30 ਉੱਤੇ ਚਰਚ ਸਟਰੀਟ ਤੇ ਵੈਲਸਲੇ ਸਟਰੀਟ ਦੇ ਲਾਂਘੇ ਨੇੜੇ ਮਿਲਿਆ। ਛੁਰੇਬਾਜ਼ੀ ਦੀ ਇਹ ਘਟਨਾ 519 ਕਮਿਊਨਿਟੀ ਸੈਂਟਰ ਨੇੜੇ ਪਾਰਕੈਟ ਵਿਖੇ ਵਾਪਰੀ ਤੇ ਸਬੰਧਤ ਵਿਅਕਤੀ ਭੱਜ ਕੇ ਸਟਰੀਟ ਵੱਲ ਗਿਆ ਤੇ ਉੱਥੇ ਡਿੱਗ ਗਿਆ। ਇਹ ਵੀ ਪਤਾ ਲੱਗਿਆ ਹੈ ਕਿ ਇਸ ਵਿਅਕਤੀ ਦੇ ਸਿਰ ਉੱਤੇ ਚਾਕੂ ਨਾਲ ਵਾਰ ਕੀਤੇ ਗਏ।

ਰੈਜ਼ੀਡੈਂਟਸ ਨੇ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਉਚੀ ਬਹਿਸ ਸੁਣਾਈ ਦਿੱਤੀ। ਪੁਲਿਸ ਵੱਲੋਂ ਅਜੇ ਤੱਕ ਇਸ ਗੱਲ ਦੀ ਪੁਸ਼ਟੀ ਨਹੀ ਕੀਤੀ ਗਈ ਕਿ ਉਸ ਵਿਅਕਤੀ ਉੱਤੇ ਕਿਸੇ ਇੱਕ ਵਿਅਕਤੀ ਨੇ ਤੇਜ਼ ਧਾਰ ਹਥਿਆਰ ਨਾਲ ਵਾਰ ਕੀਤਾ ਜਾਂ ਲੋਕਾਂ ਦੇ ਗਰੁੱਪ ਵੱਲੋਂ ਉਸ ਉੱਤੇ ਹਮਲਾ ਕੀਤਾ ਗਿਆ। ਜ਼ਖ਼ਮੀ ਵਿਅਕਤੀ ਦੇ ਬਚਣ ਦੀ ਸੰਭਾਵਨਾ ਹੈ।

# ਕੋਵਿਡ-19 ਦੌਰਾਨ ਵਧੀਆ ਕੰਮ ਬਦਲੇ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਦਿੱਤਾ ਜਾਵੇਗਾ ਬੋਨਸ



ਟਰੋਂਟੋ, 5 ਨਵੰਬਰ (ਪੋਸਟ ਬਿਊਰੋ) : ਆਪਣੇ ਸਟਾਫ ਨੂੰ ਵਧੀਆਂ ਕੰਮ ਬਦਲੇ ਸਨਮਾਨਿਤ ਕਰਨ ਲਈ ਟੋਰਾਂਟੋ ਪਬਲਿਕ ਸਕੂਲ ਬੋਰਡ ਵੱਲੋਂ ਆਪਣੇ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਲਈ ਬੋਨਸਿਜ਼ ਵਾਸਤੇ 2.4 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ। ਇਹ ਬੋਨਸ ਕੋਵਿਡ-19 ਮਹਾਂਮਾਰੀ ਦੌਰਾਨ ਪ੍ਰਿੰਸੀਪਲਜ਼ ਵੱਲੋਂ ਕੀਤੇ ਗਏ ਉਮਦਾ ਕੰਮ ਬਦਲੇ ਦਿੱਤੇ ਜਾਣਗੇ।

ਤਨਖਾਹ ਵਿੱਚ ਇਸ ਵਾਧੇ ਬਾਰੇ ਬੋਰਡ ਨੇ ਪਿੱਛੇ ਜਿਹੇ ਹੀ ਆਪਣੇ ਇੰਪਲਾਈਜ਼ ਨੂੰ ਜਾਣਕਾਰੀ ਦਿੱਤੀ। ਇਹ ਵੀ ਆਖਿਆ ਗਿਆ ਕਿ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਇਹ ਬੋਨਸ 10 ਦਸੰਬਰ ਤੱਕ ਦੇ ਦਿੱਤੇ ਜਾਣਗੇ। ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਸਤੰਬਰ ਵਿੱਚ ਸਕੂਲਾਂ ਨੂੰ ਸੁਰੱਖਿਅਤ ਢੰਗ ਨਾਲ ਖੋਲ੍ਹਣ ਲਈ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ ਅਗਸਤ ਤੋਂ ਹੀ ਕੰਮ ਸ਼ੁਰੂ ਕਰਨਾ ਪਿਆ।

ਇਨ੍ਹਾਂ ਵਾਧੂ ਦਿਨਾਂ ਨੂੰ ਮਾਨਤਾ ਦੇਣ ਲਈ ਪ੍ਰਿੰਸੀਪਲਜ਼ ਤੇ ਵਾਈਸ ਪ੍ਰਿੰਸੀਪਲਜ਼ ਨੂੰ 3.75 ਦਿਨਾਂ ਦੀ ਪੇਅ ਰੈਗੂਲਰ ਦਰਾਂ ਉੱਤੇ ਹਾਸਲ ਹੋਵੇਗੀ। ਇਹ ਸਮਰ ਸਕੂਲ ਦੀ ਰੋਜ਼ਾਨਾ ਰੇਟ ਤੋਂ 5 ਦਿਨਾਂ ਦੇ ਬਰਾਬਰ ਹੈ। ਹਾਲਾਂਕਿ ਇਸ ਸਬੰਧੀ ਬਿਲਕੁਲ ਸਹੀ ਨੰਬਰ ਉਪਲਬਧ ਨਹੀਂ ਹਨ ਪਰ ਇਸ ਵਾਧੂ ਪੇਅ ਨਾਲ ਸਕੂਲ ਬੋਰਡ ਉੱਤੇ 2.2 ਤੋਂ 2.4 ਮਿਲੀਅਨ ਡਾਲਰ ਦਾ ਵਾਧੂ ਬੋਝ ਪਵੇਗਾ।

ਇਨ੍ਹਾਂ ਤਨਖਾਹਾਂ ਵਿੱਚ ਵਾਧਾ ਟੀ ਡੀ ਐਸ ਬੀ ਲਈ ਮਾੜੇ ਦੌਰ ਵਿੱਚ ਆਇਆ ਹੈ। ਪਿਛਲੇ ਹਫਤੇ ਇਹ ਰਿਪੋਰਟ ਆਈ ਸੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਸਕੂਲ ਨਹੀਂ ਆ ਰਹੇ ਤੇ ਇਸ ਨਾਲ ਬੋਰਡ ਦਾ ਬਜਟ ਹਿੱਲ ਗਿਆ ਹੈ।ਟੀ ਡੀ ਐਸ ਬੀ ਦੀ ਫਾਇਨਾਂਸ ਕਮੇਟੀ ਨੇ ਅਕਤੂਬਰ ਦੇ ਮੱਧ ਵਿੱਚ ਦੱਸਿਆ ਸੀ ਕਿ ਇਸ ਸਕੂਲ ਵਰ੍ਹੇ ਪ੍ਰੋਵਿੰਸ਼ੀਅਲ ਫੰਡਿੰਗ ਦੇ ਰੂਪ ਵਿੱਚ 42 ਮਿਲੀਅਨ ਡਾਲਰ ਦਾ ਘਾਟਾ ਪਵੇਗਾ।

ਪਰ ਇਸ ਦੇ ਬਾਵਜੂਦ ਬੋਰਡ ਦਾ ਕਹਿਣਾ ਹੈ ਕਿ ਕਈ ਕਾਰਨਾਂ ਕਰਕੇ ਪ੍ਰਸ਼ਾਸਕਾਂ ਨੂੰ ਇਸ ਤਰ੍ਹਾਂ ਸਨਮਾਨਿਤ ਕੀਤਾ ਜਾਣਾ ਬਣਦਾ ਹੈ। ਇਸ ਦੌਰਾਨ ਟੀ ਡੀ ਐਸ ਬੀ ਨੇ ਆਖਿਆ ਕਿ ਸਟਾਫ ਦੀ ਘਾਟ ਕਾਰਨ ਕੁੱਝ ਸਕੂਲਾਂ ਵੱਲੋਂ ਵਾਧੂ ਅਧਿਆਪਕ ਵੀ ਹਾਇਰ ਕੀਤੇ ਜਾਣਗੇ।

# ਮੁਲਾਜ਼ਮ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਮੈਕਡੌਨਲਡ ਨੇ ਬੰਦ ਕੀਤਾ ਰੈਸਟੋਰੈਂਟ

ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਮੈਕਡੌਨਲਡ ਦਾ ਕਹਿਣਾ ਹੈ ਕਿ ਇਕ ਮੁਲਾਜ਼ਮ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਉਸ ਵੱਲੋਂ ਆਪਣਾ ਟੋਰਾਂਟੋ ਵਾਲਾ ਰੈਸਟੋਰੈਂਟ ਬੰਦ ਕਰ ਦਿੱਤਾ ਗਿਆ ਹੈ। ਇਕ ਬਿਆਨ ਜਾਰੀ ਕਰਕੇ ਮੈਕਡੌਨਲਡਜ਼ ਕੈਨੇਡਾ ਨੇ ਆਖਿਆ ਕਿ 552 ਯੰਗ ਸਟਰੀਟ ਲੋਕੇਸ਼ਨ ਦਾ ਇਕ ਮੁਲਾਜ਼ਮ ਬੁੱਧਵਾਰ ਨੂੰ ਕੋਵਿਡ-19 ਪਾਜ਼ੀਟਿਵ ਪਾਇਆ ਗਿਆ। ਇਹ ਲੋਕੇਸ਼ਨ ਚਰਚ ਤੇ ਵੈਲਸਲੇ ਏਰੀਆ ਵਿਚ ਹੈ।ਇਕ ਬੁਲਾਰੇ ਨੇ ਦੱਸਿਆ ਕਿ ਅਹਿਤਿਆਤਨ ਇਸ ਰੈਸਟੋਰੈਂਟ ਨੂੰ ਫੌਰੀ ਤੌਰ ਉਤੇ ਬੰਦ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਤੀਜੀ ਸਰਟੀਫਾਈਡ ਧਿਰ ਵੱਲੋਂ ਇਸ ਥਾਂ ਦੀ ਸਾਫ ਸਫਾਈ ਤੇ ਸੈਨੀਟਾਈਜ਼ੇਸ਼ਨ ਕਰਵਾਈ ਗਈ ਹੈ। ਇਸ ਰੈਸਟੋਰੈਂਟ ਨੂੰ ਵੀਰਵਾਰ ਸਵੇਰੇ ਖੋਲ੍ਹ ਦਿੱਤਾ ਗਿਆ। ਜਿਸ ਮੁਲਾਜ਼ਮ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ ਉਸ ਦੇ ਨੇੜਲੇ ਸੰਪਰਕ ਵਿਚ ਆਉਣ ਵਾਲੇ ਸਾਰੇ ਕਰਮਚਾਰੀਆਂ ਨੂੰ ਅਗਲੇਰੀ ਜਾਣਕਾਰੀ ਤੱਕ ਸੈਲਫ ਕੁਆਰਨਟੀਨ ਕਰਨ ਲਈ ਆਖਿਆ ਗਿਆ ਹੈ। ਮੈਕਡੌਨਲਡ ਕੈਨੇਡਾ ਦਾ ਕਹਿਣਾ ਹੈ ਕਿ ਪਾਜ਼ੀਟਿਵ ਆਏ ਕਰਮਚਾਰੀ ਨੇ ਆਖਰੀ ਵਾਰੀ 30 ਅਕਤੂਬਰ ਨੂੰ 11:00 ਤੋਂ 2:00 ਵਜੇ ਤੱਕ ਕੰਮ ਕੀਤਾ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades .

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:**Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :**Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:**One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement .

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਪੁੱਜ ਗਈ ਚੋਣ ਬਿਹਾਰ ਦੀ ਸਿਰੇ ਭਾਊ,
ਦਾਅਵਾ ਜਿੱਤ ਦਾ ਸਾਰੇ ਆ ਕਰੀ ਜਾਂਦੇ।
ਜਿਹੜੀ ਕਸਰ ਆ ਰਹੀ ਪ੍ਰਚਾਰ ਅੰਦਰ,
ਚੁਣ-ਚੁਣ ਵੋਟਰਾਂ ਦੇ ਕੰਨੀਂ ਭਰੀ ਜਾਂਦੇ।
ਜਿਹੜਾ ਆ ਗਿਆ ਯਾਦ ਹੈ ਨਵਾਂ ਲਾਰਾ,
ਉਹ ਵੀ ਲੋਕਾਂ ਦੇ ਮੂਹਰੇ ਨੇ ਧਰੀ ਜਾਂਦੇ।
ਚੱਕਰ ਆਖਰੀ ਵੇਖ ਕੇ ਪਿਆ ਆਇਆ,
ਅਗਲੇ ਖਤਰਿਆਂ ਤੋਂ ਲੋਕੀਂ ਡਰੀ ਜਾਂਦੇ।
ਜਦ ਵੀ ਹੁੰਦੀ ਆ ਚੋਣ ਬਿਹਾਰ ਅੰਦਰ,
ਬਚ ਕੇ ਖੂਨ-ਖਰਾਬੇ ਤੋਂ ਰਹੀ ਨਹੀਉਂ।
ਜਿਹੜੀ ਲੋਕਾਂ ਦੇ ਨਾਲ ਸੀ ਨਿੱਤ ਹੁੰਦੀ,
ਉਹੀ ਹੋਈ ਤਾਂ ਜਾਵਣੀ ਕਹੀ ਨਹੀਉਂ।

**ਤੀਸ ਮਾਰ ਖਾਂ**

# ਰੇਲ ਮੰਤਰੀ ਵੱਲੋਂ ਪੰਜਾਬ ਵਿਰੋਧੀ ਟਿੱਪਣੀਆਂ, ਕਾਂਗਰਸੀ ਐੱਮ ਪੀਜ਼ ਦਾ ਮੀਟਿੰਗ ਤੋਂ ਵਾਕਆਊਟ

ਚੰਡੀਗੜ੍ਹ, 5 ਨਵੰਬਰ, (ਪੋਸਟ ਬਿਊਰੋ)- ਕੇਂਦਰ ਸਰਕਾਰ ਵਲੋਂਪੰਜਾਬ ਵਿਚ ਬੰਦ ਰੇਲਾਂ ਦਾ ਮੁੱਦਾ ਕੇਂਦਰੀ ਰੇਲ ਮੰਤਰੀ ਪਿਊਸ਼ ਗੋਇਲ ਦੀਆਂ ਟਿਪਣੀਆਂ ਕਾਰਨ ਹੋਰ ਵੀ ਉਲਝਣ ਦੇ ਰਾਹ ਪੈ ਗਿਆ। ਰੇਲ ਮੰਤਰੀ ਪਿਊਸ਼ ਗੋਇਲ ਨੇ ਪੰਜਾਬ ਦੇ ਅੱਠ ਕਾਂਗਰਸੀ ਐੱਮ ਪੀਜ਼(ਲੋਕ ਸਭਾ ਮੈਂਬਰਾਂ) ਨਾਲ ਮੀਟਿੰਗ ਵਿਚ ਪੰਜਾਬ ਨੂੰ ਸਿੱਧੀ ਚੁਨੌਤੀ ਦੇਂਦੀਆਂ ਟਿਪਣੀਆਂ ਕਰ ਦਿੱਤੀਆਂ। ਇਸ ਉੱਤੇ ਗੁੱਸੇ ਵਿਚ ਆਏ ਕਾਂਗਰਸੀ ਐੱਮ ਪੀਜ਼ ਨੇ ਇਸ ਮੀਟਿੰਗ ਵਿਚੋਂ ਵਾਕਆਊਟ ਕਰ ਦਿਤਾ ਤੇ ਇਸ ਤਰ੍ਹਾਂ ਇਹ ਮੀਟਿੰਗ ਕੋਈ ਮਸਲਾ ਹੱਲ ਕਰਨ ਦੀ ਥਾਂ ਪੂਰੀ ਤਰ੍ਹਾਂ ਬੇਨਤੀਜਾ ਹੋ ਗਈ।

ਰੇਲ ਮੰਤਰੀ ਨਾਲ ਅੱਜ ਦੀ ਮੀਟਿੰਗ ਵਿਚ ਸ਼ਾਮਲ ਹੋਏ ਕਾਂਗਰਸੀ ਐੱਮ ਪੀਜ਼ ਦਾ ਕਹਿਣਾ ਹੈ ਕਿ ਉਨ੍ਹਾਂ ਬੜੇ ਸਾਊ ਢੰਗ ਨਾਲ ਪੰਜਾਬ ਦਾ ਪੱਖ ਪੇਸ਼ ਕਰਨ ਦਾ ਯਤਨ ਕੀਤਾ, ਪਰ ਰੇਲ ਮੰਤਰੀ ਨੇ ਬੰਦ ਮਾਲ ਗੱਡੀਆਂ ਦੀ ਗੱਲ ਕਰਨ ਦੀ ਥਾਂ ਕੇਂਦਰ ਵਲੋਂ ਪਾਸ ਕੀਤੇ ਖੇਤੀ ਬਿਲਾਂ ਨੂੰ ਲੈ ਕੇ ਗੁੱਸਾ ਕੱਢਣਾ ਸ਼ੁਰੂ ਕਰ ਦਿਤਾ।ਕਾਂਗਰਸ ਮੈਂਬਰਾਂ ਦਾ ਕਹਿਣਾ ਹੈ ਕਿ ਅਸਲ ਵਿਚ ਪੰਜਾਬ ਦੇ ਭਾਜਪਾ ਆਗੂਆਂ ਨੇ ਅੜਿੱਕਾ ਪਾਇਆ ਹੈ ਤੇ ਸਾਡੀ ਮੀਟਿੰਗ ਤੋਂ ਪਹਿਲਾਂ ਰੇਲ ਮੰਤਰੀ ਨਾਲ ਤਰੁਣ ਚੁੱਘ ਅਤੇ ਹੋਰ ਆਗੂਆਂ ਨੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਨਾਲ ਲੈ ਕੇ ਮੀਟਿੰਗ ਕੀਤੀ ਅਤੇ ਉਲਟ ਪੱਟੀ ਪੜ੍ਹਾ ਆਏ ਸਨ। ਪੰਜਾਬ ਦੇ ਕਾਂਗਰਸ ਪਾਰਲੀਮੈਂਟ ਮੈਂਬਰ ਅੱਜ ਪੰਜਾਬ ਦੇ ਮੁੱਖ ਮੰਤਰੀ



ਕੈਪਟਨ ਅਮਰਿੰਦਰ ਸਿੰਘ ਦਾ ਰੇਲਾਂ ਨੂੰ ਪੂਰੀ ਸੁਰੱਖਿਆ ਦੇਣ ਬਾਰੇ ਲਿਖਤੀ ਪੱਤਰ ਲੈ ਕੇ ਰੇਲ ਮੰਤਰੀ ਨੂੰ ਮਿਲਣ ਗਏ ਸਨਤੇ ਆਮਗੱਡੀਆਂ ਚਾਲੂ ਕਰਨ ਸਮੇਂ ਪਹਿਲੀ ਇਕ-ਇਕ ਗੱਡੀ ਵਿਚ ਕਾਂਗਰਸੀ ਐੱਮ ਪੀਜ਼ ਨੇ ਡਰਾਈਵਰ ਨਾਲ ਖ਼ੁਦ ਬੈਠ ਕੇ ਜਾਣ ਦੀ ਪੇਸ਼ਕਸ਼ ਵੀ ਕੀਤੀ, ਪਰ ਰੇਲ ਮੰਤਰੀ ਅਸਲੀ ਗੱਲ ਉੱਤੇ ਬਿਲਕੁਲਨਹੀਂ ਆਏ ਅਤੇ ਪੰਜਾਬ ਬਾਰੇ ਟਿਪਣੀਆਂ ਕਰਨ ਲੱਗ ਪਏ।

ਇਸ ਮੀਟਿੰਗ ਵਿਚ ਗਏ ਕਾਂਗਰਸੀ ਰਵਨੀਤ ਸਿੰਘ ਬਿੱਟੂ ਨੇ ਦੱਸਿਆ ਕਿ ਉਨ੍ਹਾਂ ਨੇ ਨਿਮਰਤਾ ਨਾਲ ਰੇਲ ਮੰਤਰੀ ਨੂੰ ਮਾਲ ਗੱਡੀਆਂ ਬੰਦ ਹੋਣ ਨਾਲ ਬਣੀ ਸਥਿਤੀ ਤੇ ਨੁਕਸਾਨ ਦੱਸਣ ਦਾ ਯਤਨ ਕੀਤਾ, ਪਰ ਮੰਤਰੀ ਇਸ ਗੱਲ ਉੱਤੇਖਿਝੇ ਸਨ ਕਿ ਬਾਕੀ ਰਾਜਾਂ ਨੇ ਖੇਤੀ ਬਿਲ ਮੰਨ ਲਏਤਾਂ ਇਕੱਲੇ ਪੰਜਾਬ ਨੇ ਕਿਉਂਨਾ ਕੀਤੇ? ਉਨ੍ਹਾਂ ਕਾਂਗਰਸ ਉੱਤੇ ਕਿਸਾਨਾਂ ਨੂੰ ਟਰੈਕ ਉੱਤੇ ਬਿਠਾਉਣ ਅਤੇ ਅੰਦੋਲਨ ਲਈ ਭੜਕਾਉਣ ਦੇ ਦੋਸ਼ ਲਾ ਕੇ ਕਿਹਾ ਕਿ ਤੁਸੀਂ ਇਹ ਸਥਿਤੀ ਬਣਾਈ ਹੈ, ਤੁਸੀਂ ਭੁਗਤੋ, ਏਦਾਂਰੇਲ ਗੱਡੀਆਂ ਨਹੀਂ ਚੱਲਣੀਆਂ। ਐੱਮ ਪੀ ਗੁਰਜੀਤ ਔਜਲਾ ਨੇ ਦੱਸਿਆ ਕਿ 'ਅਸੀਂ ਪਾਰਟੀ ਰਾਜਨੀਤੀ ਤੋਂ ਉਪਰ ਨਿਰਪੱਖ ਹੋ ਕੇ ਅਪਣਾ ਪੱਖ ਰੱਖਣ ਦਾ ਯਤਨ ਕੀਤਾ, ਪਰ ਰੇਲ ਮੰਤਰੀ ਸੁਣਨ ਨੂੰ ਤਿਆਰ ਨਹੀਂ ਸੀ। ਅਸੀਂ ਕਿਹਾ ਕਿ ਪੰਜਾਬਸਰਹੱਦੀ ਰਾਜ ਹੈ ਤੇ ਲੋਕ ਸਮਝਦੇ ਹਨ ਕਿ ਉਨ੍ਹਾਂ ਨਾਲ ਕੇਂਦਰ ਤਾਨਾਸ਼ਾਹੀ ਵਿਹਾਰ ਕਰਦਾ ਹੈ। ਕਿਸਾਨਾਂ ਨਾਲ ਗੱਲਬਾਤ ਨਾ ਕਰਨਾ, ਪੇਂਡੂ ਫ਼ੰਡ ਤੇ ਮਾਲ ਗੱਡੀਆਂ ਰੋਕਣਾ ਇਸ ਦੀ ਮਿਸਾਲ ਹਨ, ਪਰ ਮੰਤਰੀ ਨੇਮਸਲੇਦੀ ਥਾਂ ਪੰਜਾਬ ਨੂੰ ਚੁਨੌਤੀ ਦੇਂਦੀਆਂ ਗੱਲਾਂ ਸ਼ੁਰੂ ਕਰ ਦਿਤੀਆਂ, ਜਿਸ ਕਰ ਕੇ ਸਾਨੂੰ ਮੀਟਿੰਗ ਵਿਚੋਂ ਵਾਕਆਊਟ ਕਰ ਕੇ ਆਉਣਾ ਪਿਆ।'

ਇਸ ਤੋਂ ਪਹਿਲਾਂ ਰੇਲ ਮੰਤਰੀ ਪਿਊਸ਼ ਗੋਇਲ ਨਾਲ ਅੱਜ ਪੰਜਾਬ ਤੋਂਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਵੱਖਰੀ ਮੁਲਾਕਾਤ ਦੌਰਾਨ ਪੰਜਾਬ ਲਈ ਮਾਲ ਗੱਡੀਆਂ ਦੀਆਂ ਸੇਵਾਵਾਂ ਬਹਾਲ ਕਰਨ ਦੀ ਮੰਗ ਕੀਤੀ। ਇਨ੍ਹਾਂ ਦੋਵਾਂ ਆਗੂਆਂ ਨੇ ਰੇਲ ਮੰਤਰੀ ਨੂੰ ਸੌਂਪੇ ਮੰਗ ਪੱਤਰ ਵਿਚਪੰਜਾਬ ਵਿੱਚ ਖਾਦ ਅਤੇ ਕੋਲੇ ਦੀ ਘਾਟ ਦਾ ਮੁੱਦਾ ਉਠਾਇਆ। ਮੀਡੀਆ ਨੂੰਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਅਸੀਂ ਰੇਲ ਮੰਤਰੀਕੋਲ ਡਰ ਜ਼ਾਹਰ ਕੀਤਾ ਕਿ ਪੰਜਾਬ ਵਿੱਚ ਖ਼ਤਰਨਾਕ ਹਾਲਾਤਹਨ, ਕੋਲੇ ਦੀ ਕਮੀ ਨਾਲ ਪ੍ਰਾਈਵੇਟ ਥਰਮਲ ਪਲਾਂਟ ਬੰਦ ਹੋ ਚੁੱਕੇ ਹਨ, ਕਣਕਾਂ ਬੀਜਣ ਲਈ ਬਿਜਲੀ ਦੀ ਬੇਹੱਦ ਲੋੜ ਹੈ ਤੇ ਟਿਊਬਵੈੱਲਾਂ ਰਾਹੀਂ ਹੀ ਪਾਣੀ ਲਾਇਆ ਜਾਵੇਗਾ।

# ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਜਥੇਬੰਦੀਆਂ ਵੱਲੋਂ ਹਾਈਵੇਅ ਜਾਮ



ਚੰਡੀਗੜ੍ਹ, 5 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਰੋਸ ਕਰਦੇ ਕਿਸਾਨਾਂ ਨੇ ਅੱਜ ਪੰਜਾਬ ਵਿੱਚ ਲਗਭਗ ਦੋ ਸੌ ਥਾਂਵਾਂ ਉੱਤੇ ਨੈਸ਼ਨਲ ਅਤੇ ਸਟੇਟ ਹਾਈਵੇਜ਼ ਜਾਮ ਕਰ ਛੱਡੇ। ਇਸ ਬੰਦ ਦਾ ਅਸਰ ਦੇਸ਼ ਦੇ ਕਈ ਹੋਰ ਰਾਜਾਂ ਵਿੱਚ ਵੀ ਪਿਆ, ਪਰ ਬਹੁਤਾ ਕਰ ਕੇ ਪੰਜਾਬ ਵਿੱਚ ਹੁੰਗਾਰਾ ਮਿਲਿਆ ਹੈ। ਪਿਛਲੇ ਹਫਤੇ ਭਾਰਤ ਦੀਆਂ ਢਾਈ ਸੌ ਤੋਂ ਵੱਧ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਸੱਦੇ ਹੇਠ ਅੱਜ ਸੰਗਰੂਰ ਵਿਖੇ ਰੇਲਵੇ ਸਟੇਸ਼ਨ ਉੱਤੇ ਧਰਨਾ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਨੇ ਰੇਲਵੇ ਸਟੇਸ਼ਨ ਤੋਂ ਰੋਸ ਮਾਰਚ ਕਰ ਕੇ ਮਹਾਂਵੀਰ ਚੌਕ ਸੰਗਰੂਰ ਵਿੱਚ ਦਿੱਲੀ-ਲੁਧਿਆਣਾ ਅਤੇ ਬਠਿੰਡਾ-ਚੰਡੀਗੜ੍ਹ ਮਾਰਗ ਨੂੰ ਜਾਮ ਕਰ ਦਿੱਤਾ। ਇਸ ਮੌਕੇ ਕੇਂਦਰ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਖੇਤੀ ਬਿੱਲ ਵਾਪਸ ਲੈਣ ਦੀ ਮੰਗ ਕੀਤੀ ਗਈ ਅਤੇ ਆਗੂਆਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਜੀ ਐੱਸ ਟੀ, ਦਿਹਾਤੀ ਵਿਕਾਸ ਫੰਡ ਅਤੇ ਮਾਲ ਗੱਡੀਆਂ ਰੋਕ ਕੇ ਸਮੁੱਚੇ ਪੰਜਾਬ ਨੂੰ ਆਰਥਿਕ ਤੌਰ ਉੱਤੇ ਕਮਜ਼ੋਰ ਕਰਨਾ ਚਾਹੁੰਦੀ ਹੈ ਅਤੇ ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਕਿਸਾਨਾਂ ਨੂੰ ਨਕਸਲੀ ਅਤੇ ਦਲਾਲ ਕਹਿ ਕੇ ਕੇਂਦਰੀ ਮੰਤਰੀ ਅਤੇ ਭਾਜਪਾ ਆਗੂ ਸਾਨੂੰ ਭੰਡ ਰਹੇ ਹਨ। ਕੇਂਦਰ ਦੀਆਂ ਇਨ੍ਹਾਂ ਹਰਕਤਾਂ ਨੇ ਪੰਜਾਬ ਸਮੇਤ ਪੂਰੇ ਦੇਸ਼ ਦੇ ਕਿਸਾਨਾਂ ਵਿੱਚ ਗੁੱਸਾ ਵਧਾਇਆ ਹੈ। ਅੱਜ ਸੰਗਰੂਰ ਜ਼ਿਲ੍ਹੇ ਵਿੱਚ ਕਿਸਾਨ ਜਥੇਬੰਦੀਆਂ ਦੇ ਸਾਂਝੇ ਫਰੰਟ ਵੱਲੋਂ ਆਈ ਟੀ ਆਈ ਚੌਕ ਸੁਨਾਮ, ਜਾਖਲ ਰੋਡ ਲਹਿਰਾ, ਬੱਸ ਸਟੈਂਡ ਭਵਾਨੀਗੜ੍ਹ, ਗਰੇਵਾਲ ਚੌਕ ਮਲੇਰਕੋਟਲਾ, ਕੱਕੜਵਾਲ ਚੌਕ ਧੂਰੀ ਅਤੇ ਕਾਤਰੋਂ ਚੌਕ ਸ਼ੇਰਪੁਰ ਵਿਖੇ ਚੱਕਾ ਜਾਮ ਕੀਤਾ ਗਿਆ।

ਸੁਲਤਾਨਪੁਰ ਲੋਧੀ ਵਿਖੇ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਸਰਵਣ ਸਿੰਘ ਬਾਊਪੁਰ ਦੀ ਅਗਵਾਈ ਹੇਠ ਅੱਜ ਤਲਵੰਡੀ ਪੁਲ ਚੌਕ ਚੱਕਾ ਜਾਮ ਕੀਤਾ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਭਾਰੀ ਗਿਣਤੀ ਵਿੱਚ ਕਿਸਾਨਾਂ ਦੇ ਨਾਲ ਹੋਰ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਦੁਕਾਨਦਾਰਾਂ ਵੀ ਸ਼ਾਮਲ ਸਨ।

ਬਠਿੰਡਾ ਦੇ ਨਕੱਈਆ ਚੌਕ ਵਿੱਚ ਕਿਸਾਨਾਂ ਦੇ ਧਰਨੇ ਵਿੱਚ ਕਿਸਾਨਾਂ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਝੜਪ ਹੋ ਗਈ। ਬਾਅਦ ਵਿੱਚ ਸੀਨੀਅਰ ਆਗੂਆਂ ਨੇ ਬਚਾਅ ਕਰਾਇਆ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਦੇ ਕੁਝ ਵਰਕਰ ਧਰਨੇ ਨੇੜੇ ਇਕੱਠੇ ਹੋ ਕੇ ਨਾਅਰੇ ਲਾ ਰਹੇ ਸਨ ਤਾਂ ਕਿਸਾਨਾਂ ਨੇ ਉਨ੍ਹਾਂ ਨੂੰ ਰੋਕਿਆ ਤੇ ਇਸ ਤੋਂ ਦੋਵਾਂ ਧਿਰਾਂ ਦੀ ਤਕਰਾਰ ਹੋ ਕੇ ਹੱਥੋਪਾਈ ਤੱਕ ਚਲੀ ਗਈ। ਕਿਸਾਨ ਨੇਤਾ ਅਮਰਜੀਤ ਸਿੰਘ ਹਨੀ ਨੇ ਦੱਸਿਆ ਕਿ ਉਕਤ ਲੋਕ ਧਰਨੇ ਵਿੱਚ ਵਿਘਨ ਪਾਉਂਦੇ ਹੋਣ ਕਰ ਕੇਰੋਕੇ ਸਨ। ਉਨ੍ਹਾਂ ਦੱਸਿਆ ਕਿ ਪਿੱਛੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨਵਦੀਪ ਸਿੰਘ ਜੀਦਾ ਕੁਝ ਵਰਕਰਾਂ ਨਾਲ ਧਰਨੇ ਵਿੱਚ ਆਏ ਅਤੇ ਕੁਝ ਦੇਰ ਬੈਠ ਕੇ ਚਲੇ ਗਏ। ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਨਵਦੀਪ ਸਿੰਘ ਜੀਦਾ ਨੇ ਕਿਹਾ ਕਿ ਸ਼ਰਾਰਤੀ ਅਨਸਰਾਂ ਨੇ ਕੀਤਾ ਹੈ, ਜਿਸ ਵਿੱਚ ਕਹਾ-ਸੁਣੀ ਹੋਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਕਿਸਾਨਾਂ ਨਾਲ ਕੋਈ ਮਸਲਾ ਨਹੀਂਤੇ ਉਹ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਨਾਲ ਡਟ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਉਹ ਖ਼ੁਦ ਕਿਸਾਨ ਹਨ ਤੇ ਕਿਸਾਨ ਦੇ ਨਾਤੇ ਧਰਨੇ ਵਿੱਚਗਏ ਸਨ, ਪਰ ਕੁਝ ਸ਼ਰਾਰਤੀਆਂ ਨੇ ਜਾਣ-ਬੁੱਝ ਕੇ ਮੁੱਦਾ ਬਣਾਇਆ ਹੈ, ਜਦਕਿ ਉਨ੍ਹਾਂ ਦੇ ਨਾਲ ਕਿਸਾਨਾਂ ਦਾ ਕੋਈ ਝਗੜਾ ਜਾਂ ਝੜਪ ਨਹੀਂ ਹੋਈ।


ਕਿਸਾਨ ਜੱਥੇਬੰਦੀਆਂ ਨੇ ਫ਼ਿਰੋਜ਼ਪੁਰ-ਦਿੱਲੀ ਅਤੇ ਪਠਾਨਕੋਟ-ਗੰਗਾਨਗਰ ਨੈਸ਼ਨਲ ਹਾਈਵੇਜ਼ ਉੱਤੇ ਧਰਨਾ ਲਾ ਕੇ ਚੱਕਾ ਜਾਮ ਕਰ ਦਿੱਤਾ ਅਤੇ ਕੁਝ ਕਿਸਾਨ ਜੱਥੇਬੰਦੀਆਂ ਵੱਲੋਂ ਪਿੰਡ ਕੋਟ ਕਰੋੜ ਕਲਾਂ ਦੇ ਟੋਲ ਪਲਾਜ਼ਾ ਉੱਤੇ ਲੱਗਾ ਧਰਨਾ ਅੱਜ 36ਵੇਂ ਦਿਨ ਵਿੱਚ ਦਾਖ਼ਲ ਹੋ ਗਿਆ। ਧਰਨਿਆਂ ਬਾਰੇ ਕਿਸਾਨਾਂ ਵਿੱਚ ਇੰਨਾ ਜੋਸ਼ ਸੀ ਕਿ ਉਹ ਕਣਕ ਦੀ ਬਿਜਾਈ ਦਾ ਕੰਮ ਛੱਡ ਕੇ ਡਟੇ ਰਹੇ। ਇਸ ਮੌਕੇ ਪਹੁੰਚੇ ਕਿਸਾਨ ਆਗੂਆਂ ਨੇ ਖੇਤੀ ਕਾਨੂੰਨਾਂ ਦੇ ਵਿਰੁੱਧ ਆਵਾਜ਼ ਚੁੱਕੀਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ।

ਲੁਧਿਆਣਾ ਜ਼ਿਲੇ ਵਿੱਚ ਖੇਤੀ ਕਾਨੂੰਨਾਂ ਵਿਰੁੱਧ ਲੁਧਿਆਣਾ-ਮਲੇਰਕੋਟਲਾ ਹਾਈਵੇ ਉੱਤੇ ਪਿੰਡ ਲਹਿਰਾ ਨੇੜਲੇ ਟੋਲ ਪਲਾਜ਼ਾ ਉੱਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਅਗਵਾਈ ਹੇਠ ਕਿਸਾਨਾਂ ਨੇ 12 ਵਜੇ ਤੋਂ 4 ਵਜੇ ਤਕ ਚੱਕਾ ਜਾਮ ਕਰ ਕੇ ਸਰਕਾਰ ਖ਼ਿਲਾਫ਼ ਰੋਸ ਜ਼ਾਹਿਰ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਕੋਰੋਨਾ ਵਾਇਰਸ ਦੀ ਮਹਾਮਾਰੀ ਦੀ ਆੜ ਵਿੱਚ ਕੇਂਦਰ ਸਰਕਾਰ ਵੱਲੋਂਪਾਸ ਕੀਤੇ ਖੇਤੀ ਕਾਨੂੰਨ ਕਿਸਾਨੀ ਮੌਤ ਦੇ ਵਾਰੰਟ ਹਨ ਸਰਕਾਰ ਦੇ ਇਨ੍ਹਾਂ ਕਾਲੇ ਕਾਨੂੰਨਾਂ ਕਾਰਨ ਦੇਸ਼ ਦੀ ਕਿਸਾਨੀ ਤੇ ਕਿਸਾਨ ਤਾਂ ਖਤਮ ਹੋਵੇਗਾ ਹੀ, ਦੇਸ਼ ਨੂੰ ਵੀ ਖੋਰਾ ਲੱਗੇਗਾ।

ਹੁਸ਼ਿਆਰਪੁਰ ਜ਼ਿਲੇ ਅੱਜ ਕਿਸਾਨ ਜਥੇਬੰਦੀਆਂ ਦੇ ਬੰਦ ਦੌਰਾਨ ਹੁਸ਼ਿਆਰਪੁਰ ਜਲੰਧਰ ਰੋਡ ਉੱਤੇ ਨਸਰਾਲਾ ਪੁਲ ਦੇ ਨੇੜੇ ਪੈਟਰੋਲ ਪੰਪ ਸਾਹਮਣੇ ਪ੍ਰਧਾਨ ਗੁਰਵਿੰਦਰ ਸਿੰਘ ਖੰਗੂੜਾ ਦੀ ਅਗਵਾਈ ਵਿੱਚ 12 ਤੋਂ 4 ਵਜੇ ਤੱਕ ਜਾਮ ਲਾ ਕੇ ਕੇਂਦਰ ਸਰਕਾਰ ਵੱਲੋਂ ਕਿਸਾਨ ਵਿਰੋਧੀ ਖੇਤੀ ਬਿੱਲ ਪਾਸ ਕਰਨ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਪ੍ਰਦਰਸ਼ਨ ਕੀਤਾ ਗਿਆ।


ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



# ਰੇਲਵੇ ਬੋਰਡ ਵੱਲੋਂ ਪੰਜਾਬ ਵਿੱਚ ਮਾਲ ਗੱਡੀਆਂ ਨੂੰ ਚਲਾਉਣ ਦੀ ਤਿਆਰੀ

ਚੰਡੀਗੜ੍ਹ, 5 ਨਵੰਬਰ, (ਪੋਸਟ ਬਿਊਰੋ)- ਕਿਸਾਨਾਂ ਦੇ ਸੰਘਰਸ਼ ਕਾਰਨ ਪੰਜਾਬ ਵਿੱਚ ਲੰਬੇ ਸਮੇਂ ਤੋਂ ਬੰਦ ਮਾਲ ਗੱਡੀਆਂ ਦੇ ਜਲਦੀ ਚੱਲਣ ਦੀ ਆਸ ਬੱਝ ਗਈ ਜਾਪਦੀ ਹੈ ਅਤੇ ਤਿਆਰੀਆਂ ਸ਼ੁਰੂ ਹੋ ਗਈਆਂ ਹਨ।

ਰੇਲਵੇ ਬੋਰਡ ਦੇ ਚੇਅਰਮੈਨ ਨੇ ਅੱਜ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਉਹ ਰੇਲ ਗੱਡੀਆਂ ਚਲਾਉਣ ਨੂੰ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਦੱਸਿਆ ਕਿ ਰੇਲ ਲਾਈਨਾਂ ਉੱਤੇ 32 ਰੋਕਾਂ ਸਨ, ਜਿਨ੍ਹਾਂ ਵਿੱਚੋਂ ਕਾਫੀ ਹਟ ਗਈਆਂ ਸਨ। ਇਸ ਮੌਕੇ ਰੇਲਵੇ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਕੱਲ੍ਹ ਤੱਕ 14 ਹੋਰ ਧਰਨੇਹਟ ਜਾਣਗੇ ਤੇ ਇਹ ਇੱਕ ਬੜਾ ਚੰਗਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਰੇਲਵੇ ਪਰੋਟੈਕਸ਼ਨ ਫੋਰਸ (ਆਰ ਪੀ ਐੱਫ) ਦੇ ਡੀ ਜੀ ਪੀ ਅਤੇ ਪੰਜਾਬ ਪੁਲਸ ਦੇ ਡੀ ਜੀ ਪੀ ਲਗਾਤਾਰ ਆਪੋ ਵਿੱਚ ਸੰਪਰਕ ਵਿੱਚ ਹਨ। ਚੇਅਰਮੈਨ ਨੇ ਦੱਸਿਆ ਕਿ ਡੀਜੀ, ਆਰਪੀਐਫ ਨੇ ਪੰਜਾਬ ਪੁਲਸ ਦੇ ਡੀਜੀ ਪੀ ਨਾਲ ਗੱਲ ਕਰਕੇ ਉਨ੍ਹਾਂ ਨੂੰ ਦੱਸਿਆ ਹੈ ਕਿ ਕੱਲ੍ਹ ਤੱਕ ਬਾਕੀ ਧਰਨੇ ਵੀ ਹਟ ਜਾਣਗੇ ਅਤੇ ਜਦੋਂ ਅੜਿੱਕੇ ਹਟੇ, ਉਹਮੈਂਨਟੇਨੈਂਸ ਟਰੇਨ ਚਲਾ ਕੇ ਚੈੱਕ ਕਰਨਗੇ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿੱਚ ਪੈਸੇਂਜਰ ਟਰੇਨ ਵੀ ਜਲਦੀ ਚਲਾ ਸਕੀਏ, ਕਿਉਂਕਿ ਤਿਉਹਾਰਾਂ ਦੇ ਸੀਜ਼ਨ ਵਿੱਚ ਲੋਕ ਯਾਤਰਾ ਕਰਨਾ ਚਾਹੁੰਦੇ ਹਨ। ਉਨ੍ਹਾਂ ਦੱਸਿਆ ਕਿਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੈਸੇਂਜਰ ਟਰੇਨਾਂ ਦੀ ਸੁਰੱਖਿਆ ਅਤੇ ਭਲਕ ਸਵੇਰ ਤਕ ਸਾਰੇ ਬਲੋਕੇਡ ਹਟ ਜਾਣ ਦਾ ਭਰੋਸਾ ਦਿੱਤਾ ਹੈ, ਜਿਸ ਦੇ ਬਾਅਦ ਗੱਡੀਆਂ ਚਲਾਈਆਂ ਜਾ ਸਕਦੀਆਂ ਹਨ।

ਇਸ ਤੋਂ ਪਹਿਲਾਂ ਅੱਜ ਕਿਸਾਨ ਜਥੇਬੰਦੀਆਂ ਦੀ ਪੰਜਾਬ ਸਰਕਾਰ ਨਾਲ ਮੀਟਿੰਗ ਦੌਰਾਨ ਜੋ ਰੇਲਵੇ ਸਟੇਸ਼ਨਾਂ ਨੂੰ ਖਾਲੀ ਕਰਨ ਦਾ ਫ਼ੈਸਲਾ ਹੋਇਆ ਸੀ, ਉਸ ਉੱਤੇ ਅਮਲ ਕਰਦਿਆਂ ਕਈ ਥਾਂਈਂ ਕਿਸਾਨਾਂ ਨੇ ਰੇਲਵੇ ਸਟੇਸ਼ਨਾਂ ਨੂੰ ਖਾਲੀ ਕਰ ਦਿੱਤਾ ਹੈ। ਰੋਪੜ ਰੇਲਵੇ ਸਟੇਸ਼ਨ ਉੱਤੇ ਕਈ ਦਿਨਾਂ ਤੋਂ ਕਿਸਾਨਾਂ ਵਲੋਂ ਧਰਨਾ ਲੱਗਾ ਸੀ, ਉਸ ਨੂੰ ਹਟਾ ਕੇ ਸਟੇਸ਼ਨ ਖਾਲੀ ਕਰ ਦਿੱਤਾ ਗਿਆ ਹੈ। ਇਸ ਦੇ ਬਾਅਦ ਆਸ ਜਾਗੀ ਹੈ ਕਿ ਪੰਜਾਬ ਦੇ ਲਈ ਕੇਂਦਰ ਸਰਕਾਰ ਵੱਲੋਂ ਟਰੇਨਾਂ ਜਲਦੀ ਚਲਾਈਆਂ ਜਾ ਸਕਦੀਆਂ ਹਨ। ਵਰਨਣ ਯੋਗ ਹੈ ਕਿ ਜਿਵੇਂ ਪਹਿਲਾਂ ਕਿਸਾਨਾਂ ਨੇ ਰੇਲਵੇ ਸਟੇਸ਼ਨਾਂ ਉੱਤੇ ਧਰਨੇ ਲਾਏ ਸਨ, ਓਦੋਂ ਕਿਸਾਨਾਂ ਦਾ ਕਹਿਣਾ ਸੀ ਕਿ ਪੰਜਾਬ ਵਿਚ ਉਹ ਸਿਰਫ ਮਾਲ ਗੱਡੀਆਂ ਹੀ ਆਉਣ ਦੀ ਇਜਾਜ਼ਤ ਦੇਣਗੇ, ਪੈਸੰਜਰ ਗੱਡੀਆਂ ਜੇ ਆਉਣਗੀਆਂ ਤਾਂ ਉਹ ਵਿਰੋਧ ਕਰਨਗੇ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



# ਸੰਪਾਦਕੀ

## ਉਂਟੇਰੀਓ ਬੱਜਟ: ਬੇਆਸ ਦਿਨਾਂ ਵਿੱਚ ਆਸ ਦੀ ਤਾਕ

ਉਂਟੇਰੀਓ ਦੇ ਖਜਾਨਾ ਮੰਤਰੀ ਰੌਡ ਫਿਲਿਪ ਨੇ ਜੋ ਬੱਜਟ ਮਾਰਚ 2021 ਵਿੱਚ ਪੇਸ਼ ਕਰਨਾ ਸੀ ਉਸ ਬੱਜਟ ਦਾ 8 ਮਹੀਨੇ ਬਾਅਦ ਨਵੰਬਰ ਵਿੱਚ ਜਾਰੀ ਕੀਤਾ ਜਾਣਾ ਦੱਸਦਾ ਹੈ ਕਿ COVID 19 ਤੋਂ ਪੈਦਾ ਹੋਈਆਂ ਪ੍ਰਸਥਿਤੀਆਂ ਦਾ ਸਾਡੇ ਜਨ ਜੀਵਨ ਦੇ ਨਾਲ ਨਾਲ ਸਰਕਾਰੀ ਤੰਤਰ ਉੱਤੇ ਕਿੰਨਾ ਗਹਿਰਾ ਪ੍ਰਭਾਵ ਪਿਆ ਹੈ। ਇਹ ਪ੍ਰਭਾਵ ਕੱਲ ਪੇਸ਼ ਕੀਤੇ ਗਏ ਬੱਜਟ ਦੇ ਕਈ ਪੱਖਾਂ ਵਿੱਚ ਵੇਖਣ ਨੂੰ ਮਿਲਿਆ ਹੈ। ਸੱਭ ਤੋਂ ਅਹਿਮ ਹੈ 187 ਬਿਲੀਅਨ ਡਾਲਰ ਖਰਚੇ ਵਾਲੇ ਬੱਜਟ ਵਿੱਚ 38.5 ਬਿਲੀਅਨ ਦਾ ਘਾਟਾ ਵਿਖਾਇਆ ਜਾਣਾ ਜਿਸਦਾ ਸਮੁੱਚਾ ਸਿਹਰਾ COVID 19 ਨੂੰ ਜਾਂਦਾ ਹੈ। ਜੇ ਇਸ ਚਰਚਾ ਨੂੰ ਪਲ ਭਰ ਲਈ ਲਾਂਭੇ ਰੱਖ ਕੇ ਗੱਲ ਕਰੀਏ ਕਿ COVID 19 ਕੁਦਰਤੀ ਮਹਾਮਾਰੀ ਹੈ ਜਾਂ ਮਨੁੱਖੀ ਗਲਤੀਆਂ ਦਾ ਨਤੀਜਾ, ਕੁਦਰਤ ਦੇ ਇਸ ਭੇਦ ਤੋਂ ਵਾਰੇ ਵਾਰੇ ਜਾਇਆ ਜਾ ਸਕਦਾ ਹੈ ਕਿ ਬੱਜਟ ਨੂੰ ਸਾਵਾਂ ਕਰਨ ਦਾ ਤਹਈਆ ਕਰਕੇ ਵੋਟਾਂ ਲੈਣ ਵਾਲੇ ਡੱਗ ਫੋਰਡ ਦੀ ਸਰਕਾਰ ਨੂੰ ਉਂਟੇਰੀਓ ਦੇ ਇਤਿਹਾਸ ਵਿੱਚ ਸੱਭ ਤੋਂ ਵੱਡੇ ਘਾਟੇ ਵਾਲਾ ਬੱਜਟ ਪੇਸ਼ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਬੇਸ਼ੱਕ ਇਸ ਸਥਿਤੀ ਲਈ ਡੱਗ ਫੋਰਡ ਜਾਂ ਉਸਦੀ ਸਰਕਾਰ ਦੀ ਕੋਈ ਸਿੱਧਾ ਕਸੂਰ ਨਹੀਂ ਪਰ ਇਤਿਹਾਸ ਤਾਂ ਇਤਿਹਾਸ ਹੈ।

ਉਂਟੇਰੀਓ ਦੇ ਫਾਨਾਂਸ਼ੀਅਲ ਅਕਾਊਂਟੇਬਿਲਿਟੀ ਆਫਿਸ (Financial Accountability Office of Ontario) ਅਨੁਸਾਰ ਇਸ ਸਾਲ ਤੋਂ ਪਹਿਲਾਂ 2009 ਅਤੇ 1992 ਵਿੱਚ ਭਾਰੀ ਘਾਟੇ ਵਿਖਾਏ ਗਏ ਸਨ ਜੋ ਕਰਮਵਾਰ 19.3 ਅਤੇ 12.4 ਬਿਲੀਅਨ ਡਾਲਰ ਸਨ। COVID 19 ਦੁਆਰਾ ਬਿਜਨਸਾਂ ਦੇ ਕੀਤੇ ਨੁਕਸਾਨ ਬਦੌਲਤ ਉਂਟੇਰੀਓ ਦੀ ਗਰੌਸ ਡੋਮੈਸਟਿਕ ਪ੍ਰੋਡਕਟ (DGP) ਵਿੱਚ 9% ਦੀ ਗਿਰਾਵਟ ਆਵੇਗੀ ਜੋ ਪ੍ਰੋਵਿੰਸ ਦੇ ਇਤਿਹਾਸ ਵਿੱਚ ਕਿਸੇ ਇੱਕ ਸਾਲ ਵਿੱਚ ਹੋਣ ਵਾਲੀ ਸੱਭ ਤੋਂ ਵੱਡੀ ਗਿਰ-ਾਵਟ ਹੋਵੇਗੀ। ਬੱਜਟ ਨੂੰ ਇਹਨਾਂ ਅੰਕੜਿਆਂ ਦੇ ਸਨਮੁਖ ਵੇਖਿਆਂ ਪਤਾ ਲੱਗਦਾ ਹੈ ਕਿ ਸਰਕਾਰ ਇੱਕ ਇਮਾਨਦਾਰੀ ਜਰੂਰ ਵਰਤੀ ਹੈ। ਇਹ ਇਮਾਨਦਾਰੀ ਹੈ ਕਿ ਬੱਜਟ ਨੂੰ ਸਾਵਾਂ ਕਰਨ ਦਾ ਕੋਈ ਵਾਅਦਾ ਨਹੀਂ ਕੀਤਾ ਗਿਆ ਹੈ ਜੋ ਕਿ ਡੱਗ ਫੋਰਡ ਲਈ ਬਿਨਾ ਪਾਣੀ 'ਕੁਨੀਨ' ਦੀ ਗੋਲੀ ਚਿੱਥਣ ਵਾਲੀ ਗੱਲ ਸਾਬਤ ਹੋਈ ਹੋਵੇਗੀ।

ਬੱਜਟ ਵਿੱਚ 12 ਸਾਲ ਤੋਂ ਘੱਟ ਉਮਰ ਦੇ ਹਰ ਬੱਚੇ ਲਈ 200 ਡਾਲਰ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 250 ਡਾਲਰ ਦੇਣ ਲਈ ਰਾਖਵੇਂ ਰੱਖੇ ਗਏ ਹਨ। ਇਵੇਂ ਹੀ ਸੀਨੀਅਰਾਂ ਨੂੰ 10 ਹਜ਼ਾਰ ਡਾਲਰ ਤੱਕ ਖਰਚ ਕੇ ਮਕਾਨਾਂ ਦੀ ਮੁਰੰਮਤ ਕਰਵਾਉਣ ਲਈ 25% ਟੈਕਸ ਕਰੈਡਿਟ ਦੇਣ ਦਾ ਇਕਰਾਰ ਕੀਤਾ ਗਿਆ ਹੈ ਤਾਂ ਜੋ ਉਹ ਆਪਣੇ ਘਰਾਂ ਵਿੱਚ ਸੁਰੱਖਿਅਤ ਰਹਿ ਸੱਕਣ। ਸੁਰੱਖਿਆ ਦੀ ਗੱਲ ਕਰਦੇ ਹੋਏ ਸਰਕਾਰ ਨੇ ਕੋਵਿਡ 19 ਨਾਲ ਲੜਨ ਵਾਸਤੇ ਪ੍ਰੋਵਿੰਸ ਦੇ ਹਸਪਤਾਲਾਂ ਲਈ 2.5 ਬਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਹੈ। ਅਗਲੇ ਤਿੰਨ ਸਾਲ ਦੇ ਸਮੇਂ ਦੌਰਾਨ ਕੋਵਿਡ 19 ਨਾਲ ਲੜਨ ਵਾਸਤੇ ਕੁੱਲ 45 ਬਿਲੀਅਨ ਡਾਲਰ ਨਿਰਧਾਰਤ ਕੀਤੇ ਗਏ ਹਨ ਜਿਹਨਾਂ ਵਿੱਚੋਂ 33.4 ਬਿਲੀਅਨ ਡਾਲਰ ਪਹਿਲਾਂ ਹੀ ਇਸ ਸਾਲ ਖਰਚ ਕੀਤੇ ਜਾ ਚੁੱਕੇ ਹਨ। 7.7 ਬਿਲੀਅਨ ਡਾਲਰ ਕੋਵਿਡ 19 ਦੀ ਟੈਸਟਿੰਗ, 70 ਮਿਲੀਅਨ ਸਰਦੀਆਂ ਵਿੱਚ ਫਲੂ ਸ਼ਾਟਾਂ ਅਤੇ 351 ਮਿਲੀਅਨ ਅਤੀਰਿਕਤ ਹਸਪਤਾਲ ਬੈਡਾਂ ਵਾਸਤੇ ਹਨ। ਬੱਜਟ ਦਾ ਇਹ ਹਿੱਸਾ ਬਰੈਂਪਟਨ ਲਈ ਵਿਸ਼ੇਸ਼ ਕਰਕੇ ਇੱਕ ਅਵਸਰ ਜਾਂ ਚੁਣੌਤੀ ਹੋ ਸਕਦਾ ਹੈ। ਕੋਵਿਡ 19 ਮਹਾਮਾਰੀ ਆਰੰਭ ਹੋਣ ਤੋਂ ਲੈ ਕੇ ਹੁਣ ਤੱਕ ਸੱਭ ਤੋਂ ਘੱਟ ਨਿਵੇਸ਼ ਬਰੈਂਪਟਨ ਵਿੱਚ ਕੀਤਾ ਗਿਆ ਹੈ ਜਦੋਂ ਕਿ ਇਸ ਸ਼ਹਿਰ ਵਿੱਚ ਕੋਵਿਡ 19 ਦੇ ਕੇਸ ਸੱਭ ਤੋਂ ਵੱਧ ਹੋਏ ਹਨ। ਸਾਊਥ ਏਸ਼ੀਅਨ ਵੱਸੋਂ ਦੀ ਭਰਮਾਰ ਵਾਲੇ ਇਸ ਸ਼ਹਿਰ ਦੇ ਐਮ ਪੀ ਪੀਆਂ ਲਈ ਸੁਆਲ ਹੈ ਕਿ ਕੀ ਉਹ ਸਰਕਾਰ ਦੇ ਕੰਨੀ ਜੂੰ ਸਰਕਾਉਣ ਦੇ ਸਮਰੱਥ ਹਨ ਜਾਂ ਨਹੀਂ। ਬਿਨਾ ਰੋਏ ਤਾਂ ਮਾਂ ਵੀ ਦੁੱਧ ਨਹੀਂ ਦੇਂਦੀ, ਸਰਕਾਰ ਸਾਡੀ ਸਿਹਤ ਬਚਾਉਣ ਲਈ ਅੱਗੇ ਆਵੇ, ਅਸੀਂ ਅਜਿਹੀ ਉਮੀਦ ਬਰੈਂਪਟਨ ਐਮ ਪੀ ਪੀਆਂ ਨੂੰ ਰੱਖਣੀ ਨਹੀਂ ਚਾਹੀਦੀ!

250 ਪੰਨਿਆਂ ਵਾਲੇ ਬੱਜਟ ਦੇ ਹਰ ਪੱਖ ਦੀ ਘੋਖ ਕਰਨਾ ਵਿੱਤ ਅਤੇ ਅਕਾਊਂਟਿੰਗ ਨਾਲ ਜੁੜੇ ਮਾਹਰਾਂ ਦਾ ਕੰਮ ਹੈ ਪਰ ਇੱਕ ਹੋਰ ਦਿਲਚਸਪ ਪੱਖ ਬਾਰੇ ਗੱਲ ਕਰਨੀ ਬਣਦੀ ਹੈ। ਜੇ ਡੱਗ ਫੋਰਡ ਨੇ ਆਪਣੀ ਸਰਕਾਰ ਦਾ ਆਰੰਭ ਇੱਕ ਡਾਲਰ ਦੀ ਇੱਕ ਬੀਅਰ ਦੇ ਵਾਅਦੇ ਨਾਲ ਕੀਤਾ ਸੀ ਤਾਂ ਇਸ ਸਾਲ ਬੱਜਟ ਵਿੱਚ ਬੀਅਰ ਅਤੇ ਵਾਈਨ ਉੱਤੇ 2022 ਤੱਕ ਕੋਈ ਨਵਾਂ ਟੈਕਸ ਨਾਲ ਲਾਉਣ ਦੀ ਗੱਲ ਕੀਤੀ ਹੈ। ਵੈਸੇ ਵੀ ਕੋਵਿਡ-19 ਦੀ ਵਜਹ ਕਰਕੇ ਉਂਟੇਰੀਓ ਵਾਸੀ ਜ਼ਿਆਦਾ ਕਰਕੇ ਘਰ ਬੈਠੈ ਰਹੇ ਜਿਸ ਬਦੌਲਤ ਉਹਨਾਂ ਨੇ ਪਿਛਲੇ 9 ਮਹੀਨੇ ਵਿੱਚ ਬੀਤੇ ਸਾਲ ਮੁਕਾਬਲੇ 8 ਮਿਲੀਅਨ ਡਾਲਰ ਦੀ ਵੱਧ ਸ਼ਰਾਬ ਵਾਈਨ ਦਾ ਸੇਵਨ ਕੀਤਾ ਹੈ। ਜਦੋਂ ਨਸ਼ਿਆਂ ਦੀ ਗੱਲ ਚੱਲਦੀ ਹੈ ਤਾਂ ਮੈਰੀਊਨਾ ਨੂੰ ਵੀ ਚੇਤੇ ਰੱਖਣਾ ਬਣਦਾ ਹੈ ਜਿਸ ਬਾਰੇ ਬੱਜਟ ਦੱਸਦਾ ਹੈ ਕਿ ਇਸਦੀ ਸੇਲ ਇਸ ਸਾਲ 80 ਮਿਲੀਅਨ ਡਾਲਰ ਤੋਂ ਵੱਧ ਹੋਣ ਦੀ ਆਸ ਹੈ। ਆਉਣ ਵਾਲੇ ਇਹਨਾਂ ਫਾਲਤੂ ਡਾਲਰਾਂ ਲਈ ਡੱਗ ਫੋਰਡ ਕੋਵਿਡ 19 ਦਾ ਧੰਨਵਾਦ ਕਰ ਸਕਦਾ ਜਾਂ ਫੇਰ ਜਸਟਿਨ ਟਰੂਡੋ ਦਾ।

# ਫੋਰਡ ਸਰਕਾਰ ਨੇ ਪੇਸ਼ ਕੀਤਾ 38 ਬਿਲੀਅਨ ਡਾਲਰ ਦੇ ਘਾਟੇ ਵਾਲਾ ਬਜਟ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਸੀਨੀਅਰਜ਼ ਹੋਮ ਸੇਫਟੀ ਟੈਕਸ ਕ੍ਰੈਡਿਟ ਸ਼ੁਰੂ ਕੀਤਾ ਜਾਵੇਗਾ, ਜਿਸ ਤਹਿਤ ਬਜ਼ੁਰਗ ਲੰਮਾਂ ਸਮਾਂ ਆਪਣੇ ਘਰਾਂ ਵਿੱਚ ਰਹਿ ਸਕਣਗੇ। ਮਿਸਾਲ ਵਜੋਂ ਜਿਸ ਪਰਿਵਾਰ ਵਿੱਚ ਗ੍ਰੈਂਡਪੇਰੈਂਟ ਨਾਲ ਰਹਿ ਰਹੇ ਹੋਣਗੇ ਉਨ੍ਹਾਂ ਨੂੰ ਘਰ ਨੂੰ ਸੁਰੱਖਿਅਤ ਬਣਾਉਣ ਲਈ ਮੁਰੰਮਤ ਉੱਤੇ ਖਰਚ ਕੀਤੇ ਗਏ 10,000 ਡਾਲਰ ਵਿੱਚੋਂ 2500 ਡਾਲਰ ਵਾਪਿਸ ਮਿਲ ਸਕਣਗੇ। ਸਰਕਾਰ ਵੱਲੋਂ ਹਸਪਤਾਲਾਂ ਲਈ 573 ਮਿਲੀਅਨ ਡਾਲਰ ਹੋਰ ਪਾਸੇ ਰੱਖੇ ਜਾ ਰਹੇ ਹਨ। ਇਨ੍ਹਾਂ ਵਿੱਚ 200 ਮਿਲੀਅਨ ਡਾਲਰ ਵਧਾਈ ਗਈ ਸਮਰੱਥਾ ਲਈ ਹਨ। ਪਰ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਰਕਾਰ ਲਾਂਗ ਟਰਮ ਕੇਅਰ ਉੱਤੇ 112 ਮਿਲੀਅਨ ਡਾਲਰ ਖਰਚ ਰਹੀ ਹੈ। ਮਾਰਚ ਵਿੱਚ ਦਿੱਤੀ ਗਈ ਵਿੱਤੀ ਅਪਡੇਟ ਦੇ ਮੁਕਾਬਲੇ ਐਲ ਟੀ ਸੀ ਉੱਤੇ ਵੀ ਘੱਟ ਖਰਚ ਕੀਤਾ ਜਾ ਰਿਹਾ ਹੈ। ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰੀ ਹੈਲਥ ਸੈਕਟਰ ਦੇ ਬੇਸ ਖਰਚਿਆਂ ਵਿੱਚ 4.8 ਬਿਲੀਅਨ ਡਾਲਰ ਤੱਕ ਵਾਧਾ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ।

ਬਜਟ ਵਿੱਚ ਕਿਸੇ ਵੀ ਟੈਕਸ ਵਿੱਚ ਵਾਧਾ ਨਹੀਂ ਕੀਤਾ ਗਿਆ ਹੈ, ਪਰ ਸਰਕਾਰ ਦਾ ਕਹਿਣਾ ਹੈ ਕਿ ਉਹ ਮਿਊਂਸਪੈਲੀਟੀਜ਼ ਨੂੰ ਪ੍ਰਾਪਰਟੀ ਟੈਕਸ ਵਿੱਚ ਵਾਧਾ ਕਰਨ ਦੀ ਇਜਾਜ਼ਤ ਦੇਵੇਗੀ। ਆਟੋ ਇੰਸ਼ੋਰੈਂਸ ਦਰਾਂ ਵਿੱਚ ਵਾਧੇ ਦੀ ਗੱਲ ਉੱਤੇ ਸਰਕਾਰ ਦਾ ਕਹਿਣਾ ਹੈ ਕਿ ਉਹ ਕ੍ਰੈਡਿਟ ਯੂਨੀਅਨਾਂ ਨੂੰ ਆਪਣੀਆਂ ਬ੍ਰਾਂਚਾਂ ਵਿੱਚ ਜਾਂ ਆਨਲਾਈਨ ਆਪਣੀ ਸਬਸਿਡਰੀ ਜਾਂ ਪਾਰਟਨਰਸ਼ਿਪ ਰਾਹੀਂ ਇੰਸ਼ੋਰੈਂਸ ਵੇਚਣ ਲਈ ਇਜਾਜ਼ਤ ਦੇਵੇਗੀ। ਇੰਸ਼ੋਰਰਜ਼ ਨੂੰ ਦਰਾਂ ਘਟਾਉਣ ਲਈ ਰਾਜ਼ੀ ਕਰਨ ਵਾਸਤੇ ਕੋਈ ਮਾਪਦੰਡ ਨਹੀਂ ਲਿਆਂਦੇ ਗਏ ਹਨ।

ਇਸ ਤੋਂ ਇਲਾਵਾ ਬਲੈਕ ਯੂਥ ਐਕਸ਼ਨ ਪਲੈਨ ਤਹਿਤ ਸਰਕਾਰ ਵੱਲੋਂ 60 ਮਿਲੀਅਨ ਡਾਲਰ ਖਰਚੇ ਜਾਣਗੇ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਬਲੈਕ ਯੂਥ ਨੂੰ ਸੋਸ਼ਲ ਤੇ ਆਰਥਿਕ ਸਫਲਤਾ ਹਾਸਲ ਕਰਨ ਵਿੱਚ ਮਦਦ ਮਿਲੇਗੀ। ਸਟੇਅਕੇਸ਼ਨਜ਼ (ਵਿਦੇਸ਼ ਦੀ ਥਾਂ ਆਪਣੇ ਦੇਸ਼ ਵਿੱਚ ਹੀ ਛੁੱਟੀਆਂ ਮਨਾਉਣਾ) ਵੀ ਸਸਤੀਆਂ ਕੀਤੀਆਂ ਜਾਣਗੀਆਂ। ਸਰਕਾਰ ਵੱਲੋਂ ਸਟੇਅਕੇਸ਼ਨਜ਼ ਲਈ 20 ਫੀ ਸਦੀ ਟੈਕਸ ਕ੍ਰੈਡਿਟ ਦੇਣ ਦਾ ਵਾਅਦਾ ਵੀ ਕੀਤਾ ਗਿਆ ਹੈ ਪਰ ਇਸ ਸਬੰਧੀ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

ਨਿੱਕੇ ਕਾਰੋਬਾਰਾਂ ਲਈ ਪ੍ਰੌਸਪੈਰਿਟੀ ਟੈਕਸਿਜ਼ ਇਲੈਕਟ੍ਰਿਸਿਟੀ ਰੇਟਜ਼ ਨੂੰ ਘਟਾਉਣ ਲਈ ਵੀ ਛੋਟੇ ਛੋਟੇ ਮਾਪਦੰਡ ਐਲਾਨੇ ਗਏ ਹਨ। ਕਮਿਊਨਿਟੀ ਆਊਟਬ੍ਰੇਕਸ ਦੀ ਪਛਾਣ ਕਰਨ ਲਈ ਕੋਵਿਡ-19 ਵਾਸਤੇ ਵੇਸਟਵਾਟਰ ਟੈਸਟ ਕਰਨ ਵਾਸਤੇ 12 ਮਿਲੀਅਨ ਡਾਲਰ ਖਰਚ ਕਰਨ ਦਾ ਵੀ ਸਰਕਾਰ ਇਰਾਦਾ ਰੱਖਦੀ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਉਹ ਇਸ ਸਾਲ ਤੇ ਅਗਲੇ ਸਾਲ ਵਾਸਤੇ 4 ਬਿਲੀਅਨ ਡਾਲਰ ਸੰਕਟਕਾਲੀਨ ਫੰਡ ਪਾਸੇ ਰੱਖ ਰਹੀ ਹੈ। ਇਸ ਦੇ ਨਾਲ ਹੀ 2021 ਲਈ ਕੋਵਿਡ-19 ਨਾਲ ਸਬੰਧਤ ਖਰਚਿਆਂ ਲਈ 2 ਬਿਲੀਅਨ ਡਾਲਰ ਵੀ ਪਾਸੇ ਰੱਖੇ ਜਾ ਰਹੇ ਹਨ।

ਟਰਾਂਜ਼ਿਟ ਹਾਈਵੇਅਜ਼, ਸਕੂਲਾਂ, ਹਸਪਤਾਲਾਂ ਤੇ ਬ੍ਰੌਡਬੈਂਡ ਆਦਿ ਵਰਗੇ ਇਨਫਰਾਸਟ੍ਰਕਚਰ ਪ੍ਰੋਜੈਕਟਾਂ ਵਿੱਚ ਵਾਧਾ ਕਰਨ ਲਈ ਵੀ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਪਬਲਿਕ ਟਰਾਂਜ਼ਿਟ ਪ੍ਰੋਜੈਕਟਸ, ਜਿਨ੍ਹਾਂ ਵਿੱਚ ਓਨਟਾਰੀਓ ਲਾਈਨ ਤੇ ਤਿੰਨ ਸਟੌਪ ਵਾਲਾ ਸਕਾਰਬੌਰੋ ਦਾ ਸਬਵੇਅ ਸ਼ਾਮਲ ਹੈ, ਲਈ ਆਉਣ ਵਾਲੇ ਦਸ ਸਾਲਾਂ ਵਿੱਚ ਸਰਕਾਰ 62.7 ਬਿਲੀਅਨ ਡਾਲਰ ਤੋਂ ਵੱਧ ਨਿਵੇਸ਼ ਕਰਨਾ ਚਾਹੁੰਦੀ ਹੈ।ਬਜਟ ਵਿੱਚ ਦਰਸਾਇਆ ਗਿਆ ਹੈ ਕਿ ਸਰਕਾਰ ਨੂੰ ਹਾਊਸਿੰਗ ਮਾਰਕਿਟ ਤੋਂ ਕਾਫੀ ਫਾਇਦਾ ਹੋ ਰਿਹਾ ਹੈ। ਲੈਂਡ ਟਰਾਂਸਫਰ ਟੈਕਸ ਤੋਂ ਆਮਦਨ 11 ਬਿਲੀਅਨ ਡਾਲਰ ਤੱਕ ਵੱਧ ਚੁੱਕਿਆ ਹੈ। ਪਰ ਮਹਾਂਮਾਰੀ ਕਾਰਨ ਸਰਕਾਰ ਦੀ ਆਮਦਨ ਨੂੰ ਢਾਹ ਲੱਗੀ ਹੈ ਖਾਸਤੌਰ ਉੱਤੇ ਜਦੋਂ ਗੱਲ ਓ ਐਲ ਜੀ ਦੀ ਆਉਂਦੀ ਹੈ ਤਾਂ ਸਰਕਾਰ ਨੂੰ ਹੋਣ ਵਾਲੀ ਆਮਦਨ 410 ਮਿਲੀਅਨ ਡਾਲਰ ਘਟੀ ਹੈ।

ਪਿਛਲੇ ਸਾਲ ਨਾਲੋਂ ਇਸ ਸਾਲ ਸ਼ਰਾਬ ਤੋਂ ਹੋਣ ਵਾਲੀ ਆਮਦਨ ਵਿੱਚ 8 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ। ਇਸ ਦੌਰਾਨ ਮੈਰੀਯੁਆਨਾ ਤੋਂ ਹੋਣ ਵਾਲੀ ਆਮਦਨ 2021 ਤੱਕ 80 ਮਿਲੀਅਨ ਡਾਲਰ ਤੱਕ ਵਧਣ ਦੀ ਸੰਭਾਵਨਾ ਹੈ।

# ਅਮਰੀਕੀ ਰਾਸ਼ਟਰਪਤੀ ਚੋਣ: ਬਾਇਡਨ ਜਿੱਤ ਦੇ ਕਰੀਬ ਪੁੱਜਾ, ਟਰੰਪ ਟੀਮ ਕੋਰਟ ਵੱਲ ਤੁਰੀ, ਧਾਂਦਲੀ ਦੇ ਦੋਸ਼ ਲਾਏ

...ਪੰਨਾ 1 ਦਾ ਬਾਕੀ

ਵਰਨਣ ਯੋਗ ਹੈ ਕਿ ਅਮਰੀਕਾ ਵਿਚ ਬੀਤੇ ਮੰਗਲਵਾਰ ਰਾਸ਼ਟਰਪਤੀ ਚੋਣ ਹੋਈ ਸੀ ਅਤੇ ਦੋ ਦਿਨਾਂ ਤੋਂ ਵੋਟਾਂ ਦੀ ਗਿਣਤੀ ਚੱਲ ਰਹੀ ਹੈ, ਪਰ ਹਾਲੇ ਆਖ਼ਰੀ ਨਤੀਜੇ ਨਹੀਂ ਆਏ। ਅਮਰੀਕੀ ਮੀਡੀਆ ਮੁਤਾਬਕ 77 ਸਾਲਾ ਜੋਅ ਬਾਇਡਨ ਨੂੰ ਵ੍ਹਾਈਟ ਹਾਊਸ ਪੁੱਜਣ ਲਈ ਅਜੇ 6 ਤੋਂ 17 ਇਲੈਕਟੋਰਲ ਕਾਲਜ ਵੋਟਾਂ ਦੀ ਲੋੜ ਹੈ। ਉਨ੍ਹਾਂ ਨੇ ਕੱਲ੍ਹ ਕਿਹਾ ਕਿ ਉਹ ਰਾਸ਼ਟਰਪਤੀ ਚੋਣ ਜਿੱਤਣ ਲਈ ਲੋੜੀਂਦੀ ਗਿਣਤੀ 270 ਇਲੈਕਟੋਰਲ ਵੋਟ ਹਾਸਲ ਕਰਨ ਲਈ ਬਾਕੀ ਰਾਜਾਂ ਵਿਚ ਜਿੱਤ ਦਰਜ ਕਰ ਰਹੇ ਹਨ। ਬਾਇਡਨ ਨੇ ਆਪਣੇ ਸੂਬੇ ਡੇਲਾਵੇਅਰ ਵਿਚ ਆਪਣੇ ਸਮਰਥਕਾਂ ਨੂੰ ਕਿਹਾ, ਇਹ ਸਿਰਫ ਮੇਰੀ ਜਾਂ ਸਾਡੀ ਨਹੀਂ, ਇਹ ਅਮਰੀਕੀ ਲੋਕਾਂ ਦੀ ਜਿੱਤ ਹੋਵੇਗੀ। ਅਸੀਂ 270 ਇਲੈਕਟੋਰਲ ਵੋਟ ਤਕ ਜਾਣ ਲਈ ਲੋੜੀਂਦੇ ਸੂਬੇ ਜਿੱਤ ਰਹੇ ਹਾਂ। ਦੂਸਰੇ ਪਾਸੇ ਡੋਨਾਲਡ ਟਰੰਪ ਨੇ ਕਈ ਟਵੀਟ ਕੀਤੇ ਤੇ ਪੈਨਸਿਲਵੇਨੀਆ, ਮਿਸ਼ੀਗਨ, ਨਾਰਥ ਕੈਰੋਲੀਨਾ ਤੇ ਜਾਰਜੀਆ ਵਿਚ ਆਪਣੀ ਜਿੱਤ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ, ਸਾਨੂੰ ਪੈਨਸਿਲਵੇਨੀਆ, ਜਾਰਜੀਆ ਵਿਚ ਲੀਡ ਮਿਲ ਰਹੀ ਹੈ, ਇਨ੍ਹਾਂ ਤੋਂ ਇਲਾਵਾ ਅਸੀਂ ਮਿਸ਼ੀਗਨ ਉੱਤੇ ਵੀ ਦਾਅਵਾ ਕਰ ਰਹੇ ਹਾਂ। ਇਕ ਹੋਰ ਟਵੀਟ ਵਿਚ ਟਰੰਪ ਨੇ ਕਿਹਾ ਕਿ ਚੋਣ ਪ੍ਰਣਾਲੀ ਦੀ ਅਖੰਡਤਾ ਅਤੇ ਰਾਸ਼ਟਰਪਤੀ ਚੋਣ ਨੂੰ ਸੱਟ ਵੱਜੀ ਹੈ। ਇਸ ਦੌਰਾਨ ਟਰੰਪ ਦੀ ਚੋਣ ਮੁਹਿੰਮ ਟੀਮ ਨੇ ਜਾਰਜੀਆ, ਮਿਸ਼ੀਗਨ ਅਤੇ ਪੈਨਸਿਲਵੇਨੀਆ ਵਿਚ ਪਈਆਂ ਵੋਟਾਂ ਦੀ ਗਿਣਤੀ ਰੋਕਣ ਦੀ ਮੰਗ ਲਈ ਕੇਸ ਦਾਇਰ ਕੀਤਾ ਹੈ। ਵਿਸਕਾਨਸਿਨ ਵਿਚ ਵੀ ਵੋਟਾਂ ਦੀ ਗਿਣਤੀ ਦੀ ਦੁਬਾਰਾ ਮੰਗ ਕੀਤੀ ਗਈ ਹੈ। ਅਮਰੀਕਾ ਦੇ ਪ੍ਰਮੁੱਖ ਮੀਡੀਆ ਗਰੁੱਪ ਮਿਸ਼ੀਗਨ ਅਤੇ ਵਿਸਕਾਨਸਿਨ ਵਿਚ ਬਾਇਡਨ ਨੂੰ ਜੇਤੂ ਦੱਸ ਰਹੇ ਹਨ, ਪਰ ਪੈਨਸਿਲਵੇਨੀਆ ਵਿਚ ਟਰੰਪ ਦੀ ਲੀਡ ਦਿਖਾ ਰਹੇ ਹਨ। ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਵਿਚਾਲੇ ਡੈਮੋਕਰੇਟ ਪਾਰਟੀ ਉਮੀਦਵਾਰ ਜੋਅ ਬਾਇਡਨ ਦੇ ਹਜ਼ਾਰਾਂ ਸਮਰਥਕ ਅੱਜ ਸ਼ਾਮ ਨਿਊਯਾਰਕ ਦੀਆਂ ਸੜਕਾਂ ਉੱਤੇ ਨਿਕਲ ਆਏ ਅਤੇ ਰਾਸ਼ਟਰਪਤੀ ਚੋਣਾਂ ਵਿੱਚ ਹਰ ਵੋਟ ਦੀ ਗਿਣਤੀ ਦੀ ਮੰਗ ਕੀਤੀ। ਡੈਟਰਾਇਟ ਵਿੱਚ ਡੋਨਾਲਡ ਟਰੰਪ ਸਮਰਥਕਾਂ ਨੇ ਮਿਸ਼ੀਗਨ ਰਾਜ ਵਿੱਚ ਵੋਟ ਗਿਣਤੀ ਦੀ ਮੰਗ ਕੀਤੀ ਹੈ। ਇਸ ਮੌਕੇ ਬਾਈਡਨ ਦੇ ਸਮਰਥਕਾਂ ਨੇ ਨਿਊਯਾਰਕ ਵਿੱਚ ਸ਼ਾਂਤਮਈ ਪ੍ਰਦਰਸ਼ਨ ਕੀਤਾ। ਉਹ ਸਾਰੇ ਫਿਫਥ ਐਵੀਨਿਊਤੋਂ ਪੈਦਲ ਮਾਰਚ ਕਰਦੇ ਹੋਏ ਮੈਨਹੱਟਨ ਦੇ ਗ੍ਰੀਨਵਿੱਚ ਵਿਲੇਜ ਦੇ ਅੱਧ ਵਿਚ ਵਾਸ਼ਿੰਗਟਨ ਸਕੁਏਰ ਪਾਰਕ ਵੱਲ ਗਏ। ਨਿਊਯਾਰਕ ਦਾ ਇਹ ਅਜਿਹਾ ਖੇਤਰ ਹੈ, ਜਿਸ ਵਿੱਚ ਡੈਮੋਕਰੇਟਸ ਦਾ ਜ਼ਿਆਦਾ ਪ੍ਰਭਾਵ ਹੈ। ਦੂਜੇ ਪਾਸੇ ਨਿਊਜ਼ ਏਜੰਸੀ ਦੇ ਫੋਟੋਗ੍ਰਾਫਰ ਵੱਲੋਂ ਸੋਸ਼ਲ ਮੀਡੀਆ ਉੱਤੇ ਜਾਰੀ ਹੋਏ ਵੀਡੀਓ ਕਲਿੱਪ ਮੁਤਾਬਕ ਡੈਟਰਾਇਟਦੇ ਕਾਊਂਟਿੰਗ ਸੈਂਟਰ ਵਿੱਚ ਟਰੰਪ ਸਮਰਥਕਾਂ ਦਾ ਵਿਰੋਧ ਵਧੇਰੇ ਤਣਾਅਪੂਰਨ ਸੀ। ਕੁਝ ਲੋਕ ਰੌਲਾ ਪਾ ਰਹੇ ਸੀ, 'ਵੋਟਾਂ ਗਿਣਨਾ ਬੰਦ ਕਰੋ'। ਇਸ ਕਿਸਮ ਦੀ ਆਵਾਜ਼ ਸਾਰੇ ਮਿਸ਼ੀਗਨ ਵਿੱਚ ਸੁਣਾਈ ਦਿੱਤੀ।

# ਹਾਦਸੇ ਵਿੱਚ ਨੌਜਵਾਨ ਦੀ ਮੌਤ

ਗੋਰਾਇਆ, 5 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਹੋਏ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦ ਕਿ ਇੱਕ ਗੰਭੀਰ ਜ਼ਖਮੀ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਮੋਟਰ ਸਾਈਕਲ ਨੂੰ ਜਸਕਰਨ ਸਿੰਘ ਜੱਸੀ ਪਿੰਡ ਚੱਕ ਸਾਹਬੂ ਥਾਣਾ ਫਿਲੌਰ ਚਲਾ ਰਿਹਾ ਸੀ, ਉਸ ਦੇ ਨਾਲ ਯੁਵਰਾਜ ਸਿੰਘ ਪੁੱਤਰ ਬਲਬੀਰ ਚੰਦ ਬੜਾ ਪਿੰਡ ਸਵਾਰ ਸੀ, ਜੋ ਬੜਾ ਪਿੰਡ ਤੋਂ ਫਲਪੋਤਾ ਰੋਡ ਨੂੰ ਜਾਂਦੇ ਸਮੇਂ ਹਾਦਸੇ ਦੇ ਸ਼ਿਕਾਰ ਹੋ ਗਏ। ਇਸ ਦੌਰਾਨ ਇਨ੍ਹਾਂ ਦਾ ਮੋਟਰ ਸਾਈਕਲ ਕਿਸੇ ਵਾਹਨ ਨਾਲ ਟਕਰਾਇਆ ਅਤੇ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇਸ ਹਾਦਸੇ ਵਿੱਚ ਜਸਕਰਨ ਸਿੰਘ ਜੱਸੀ ਤੇ ਯੁਵਰਾਜ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਿਵਲ ਹਸਪਤਾਲ ਫਿਲੌਰ ਲਿਜ-ਾਇਆ ਗਿਆ, ਜਿੱਥੇ ਜਸਕਰਨ ਸਿੰਘ ਜੱਸੀ ਦੀ ਮੌਤ ਹੋ ਗਈ।ਮ੍ਰਿਤਕ ਨੌਜਵਾਨ ਬੜਾ ਪਿੰਡ ਦੇ ਐਸ ਬੀ ਆਈ ਬੈਂਕ ਦੇ ਏ ਟੀ ਐਮ 'ਤੇ ਗਾਰਡ ਸੀ। ਯੁਵਰਾਜ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਲੁਧਿਆਣਾ ਵਿਖੇ ਰੈਫਰ ਕਰ ਦਿੱਤਾ ਗਿਆ ਹੈ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਚਿੱਕਨ ਸ਼ਾਪ ਦੇ ਮੀਟਰ ਨਾਲ ਛੇੜਛਾੜ 'ਤੇ 16.50 ਲੱਖ ਜੁਰਮਾਨਾ

## * ਘੱਟ ਰੀਡਿੰਗ ਲਿਖਣ ਵਾਲੀ ਕੰਪਨੀ ਨੂੰ ਵੀ ਅੱਠ ਲੱਖ ਜ਼ੁਰਮਾਨਾ

ਜਲੰਧਰ, 5 ਨਵੰਬਰ (ਪੋਸਟ ਬਿਊਰੋ) - ਪਾਵਰਕਾਮ ਦੇ ਇਨਫੋਰਸਮੈਂਟ ਵਿੰਗ ਨੇ ਹੁਸ਼ਿਆਰਪੁਰ ਦੀ ਇੱਕ ਚਿਕਨ ਦੀ ਦੁਕਾਨ 'ਤੇ ਲੱਗੇ ਬਿਜਲੀ ਮੀਟਰ ਨਾਲ ਛੇੜਛਾੜ ਕਰਨ 'ਤੇ ਖਪਤਕਾਰ ਨੂੰ 8.50 ਲੱਖ ਰੁਪਏ ਦਾ ਜੁਰਮਾਨਾ ਪਾਇਆ ਤੇ ਨਾਲ ਹੀ ਇਸ ਖਪਤਕਾਰ ਦੇ ਮੀਟਰ ਦੀ ਰੀਡਿੰਗ ਲੈਣ ਵਾਲੀ ਕੰਪਨੀ ਨੂੰ ਅੱਠ ਲੱਖ ਰੁਪਏ ਜੁਰਮਾਨਾ ਲਾ ਕੇ ਝਟਕਾ ਦਿੱਤਾ ਹੈ। ਇਨਫੋਰਸਮੈਂਟ ਵਿੰਗ ਦੇ ਸੀਨੀਅਰ ਐਗਜ਼ੀਕਿਊਟਿਵ ਇੰਜੀਨੀਅਰ ਨੇ ਇਸ ਦਾ ਖੁਲਾਸਾ ਕੀਤਾ ਹੈ।

ਵਿੰਗ ਵੱਲੋਂ ਜਾਰੀ ਸੂਚਨਾ ਮੁਤਾਬਕ ਹੁਸ਼ਿਆਰਪੁਰ ਦੀ ਮੀਟ ਦੀ ਦੁਕਾਨ ਦਾ ਬਿੱਲ ਪੰਜ ਸਾਲ ਤੋਂ 100 ਤੋਂ 150 ਰੁਪਏ ਆਉਣ ਕਰ ਕੇ ਵਿੰਗ ਨੂੰ ਸ਼ੱਕ ਪਿਆ ਕਿ ਬਿਜਲੀ ਬਿੱਲ ਕਾਫੀ ਘੱਟ ਆ ਰਿਹਾ ਹੈ। ਜਾਂਚ ਕਰਨ 'ਤੇ ਪਤਾ ਲੱਗਾ ਕਿ ਕੰਪਨੀ ਦੇ ਮੀਟਰ ਰੀਡਰਾਂ ਵੱਲੋਂ ਪਿਛਲੇ ਪੰਜ ਸਾਲਾਂ ਤੋਂ ਕਾਫੀ ਘੱਟ ਰੀਡਿੰਗ ਭਰੀ ਜਾ ਰਹੀ ਸੀ ਜਿਸ ਕਰ ਕੇ ਕਾਫੀ ਘੱਟ ਰਕਮ ਦਾ ਬਿੱਲ ਆ ਰਿਹਾ ਸੀ। ਮੀਟਰ ਦੀ ਜਾਂਚ ਤੋਂ ਪਤਾ ਲੱਗਾ ਕਿ ਇਸ ਦਾ ਡਿਸਪਲੇ ਖਰਾਬ ਕੀਤਾ ਗਿਆ ਸੀ। ਇਸ ਬਾਰੇ ਜਾਂਚ ਕੀਤੀ ਤਾਂ ਸਾਹਮਣੇ ਆਇਆ ਕਿ ਇਸ ਦੁਕਾਨ 'ਤੇ 2015 ਵਿੱਚ ਮੀਟਰ ਲੱਗਾ ਸੀ ਤੇ 2020 ਤੱਕ ਸਿਰਫ 150 ਯੂਨਿਟ ਚੱਲੇ ਦਿਖਾਏ ਗਏ ਸਨ। ਮੀਟਰ ਲੈਬ ਵਿੱਚ ਇਸ ਮੀਟਰ ਦੀ ਜਾਂਚ ਤੋਂ ਪਤਾ ਲੱਗਾ ਕਿ 2015 ਤੋਂ 2020 ਤੱਕ 65000 ਯੂਨਿਟ ਚੱਲੇ ਸੀ। ਨਵੀਆਂ ਮਸ਼ੀਨਾਂ ਰਾਹੀਂ ਫਿਰ ਜਾਂਚ ਤੋਂ ਬਾਅਦ ਮੀਟਰ ਵਿੱਚ ਪਤਾ ਲਾਇਆ ਗਿਆ ਕਿ ਮਈ 2018 ਤੋਂਅਕਤੂਬਰ 2020 ਤੱਕ 1500 ਯੂਨਿਟ ਚੱਲੇ ਸਨ। ਇਨਫੋਰਸਮੈਂਟ ਵਿੰਗ ਦੇ ਉਪ ਮੁੱਖ ਇੰਜੀਨੀਅਰ ਰਜਤ ਸ਼ਰਮਾ ਨੇ ਕਿਹਾ ਕਿ ਆਪਣੇ ਆਪ ਵਿੱਚ ਇਹ ਪਹਿਲਾ ਕੇਸ ਹੈ ਤੇ ਖਪਤਕਾਰ ਨੂੰ 1.10 ਲੱਖ ਬਿਜਲੀ ਯੂਨਿਟ ਲਈ 8.50 ਲੱਖ ਰੁਪਏ ਜੁਰਮਾਨਾ ਤੇ ਮੀਟਰ ਰੀਡਰਾਂ ਦੀ ਮਿਲੀਭੁਗਤ ਲਈ ਕੰਪਨੀ ਨੂੰ ਅੱਠ ਲੱਖ ਰੁਪਏ ਜੁਰਮਾਨਾ ਪਾਇਆ ਹੈ। ਮਿਲੀਭੁਗਤ ਕਰਨ ਵਾਲਿਆਂ 'ਤੇ ਵੱਖਰੇ ਤੌਰ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਆਈ ਪੀ ਐੱਲ ਕ੍ਰਿਕਟ ਲੜੀ ਆਪਣੇ ਅੰਤਮ ਦੌਰ ਵਿੱਚ ਦਾਖਲ

## * ਦਿੱਲੀ ਨੂੰ 57 ਦੌੜਾਂ ਨਾਲ ਹਰਾ ਕੇ ਮੁੰਬਈ ਟੀਮ ਫਾਈਨਲ ਵਿੱਚ

ਦੁਬਈ, 5 ਨਵੰਬਰ, (ਪੋਸਟ ਬਿਊਰੋ)- ਮੁੰਬਈ ਇੰਡੀਅਨਜ਼ ਦੇ ਚਾਰ ਵਾਰ ਦੇ ਚੈਂਪੀਅਨ ਵਾਂਗ ਵੱਡੇ ਮੈਚਾਂ ਵਿੱਚ ਖੇਡਣ ਦੇ ਅਨੁਭਵ ਦਾ ਵਧੀਆ ਨਜ਼ਾਰਾ ਪੇਸ਼ ਕਰਕੇ ਅੱਜ ਵੀਰਵਾਰ ਇੱਥੇ ਦਿੱਲੀ ਕੈਪੀਟਲਸ ਟੀਮ ਨੂੰ 57 ਦੌੜਾਂ ਨਾਲ ਹਰਾ ਕੇ 6ਵੀਂ ਵਾਰ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ)-13 ਦੇ ਫਾਈਨਲ ਵਿੱਚਜਾ ਪਹੁੰਚੀ ਹੈ। ਮੌਜੂਦਾ ਚੈਂਪੀਅਨ ਮੁੰਬਈ ਨੇ ਟਾਸ ਹਾਰਨ ਪਿੱਛੋਂ ਬੱਲੇਬਾਜ਼ੀ ਕਰਦੇ ਹੋਏ 5 ਵਿਕਟਾਂ ਉੱਤੇ 200 ਦੌੜਾਂ ਦਾ ਚੁਣੌਤੀ ਪੂਰਨ ਸਕੋਰ ਬਣਾਇਆ, ਜਿਸ ਦੇ ਜਵਾਬ ਵਿੱਚ ਦਿੱਲੀ ਦੀ ਟੀਮ 8 ਵਿਕਟਾਂ ਉੱਤੇ 143 ਦੌੜਾਂ ਹੀ ਬਣਾ ਸਕੀ।




ਮੁੰਬਈ ਟੀਮ ਇਸ ਤੋਂ ਪਹਿਲਾਂ ਸਾਲ 2010, 2013, 2015, 2017 ਅਤੇ 2019 ਵਿੱਚ ਵੀ ਫਾਈਨਲ ਵਿੱਚ ਪਹੁੰਚੀ ਸੀ। ਓਧਰ ਦਿੱਲੀ ਟੀਮ ਦਾ ਸਫਰ ਅਜੇ ਖਤਮ ਨਹੀਂ ਹੋਇਆ। ਇਹ ਟੀਮ ਦੂਜੇ ਕੁਆਲੀਫਾਇਰ ਦੌਰਾਨ ਰਾਇਲ ਚੈਲੰਜਰਜ਼ ਬੈਂਗਲੁਰੂ ਅਤੇ ਸਨਰਾਈਜ਼ਰਜ਼ ਹੈਦਰਾਬਾਦ ਵਾਲੇ ਐਲਿਮੀਨੇਟਰ ਮੈਚ ਦੇ ਜੇਤੂ ਨਾਲ ਭਿੜੇਗੀ।

ਅੱਜ ਮੁੰਬਈ ਟੀਮ ਵਲੋਂ ਕਵਿੰਟਨ ਡੀ ਕੌਕ (25 ਗੇਂਦਾਂ ਉੱਤੇ 40), ਸੂਰਯਕੁਮਾਰ ਯਾਦਵ (38 ਗੇਂਦਾਂ ਉੱਤੇ 51 ਦੌੜਾਂ), ਇਸ਼ਾਨ ਕਿਸ਼ਨ (30 ਗੇਂਦਾਂ ਉੱਤੇ ਅਜੇਤੂ 55 ਦੌੜਾਂ) ਅਤੇ ਡੈੱਥ ਓਵਰਾਂ ਵਿੱਚ ਸ਼ਾਨਦਾਰ ਗੇਂਦਬਾਜ਼ੀ ਕਰਨ ਵਾਲੇ ਹਾਰਦਿਕ ਪੰਡਿਆ (14 ਗੇਂਦਾਂ ਉੱਤੇ 5 ਛੱਕਿਆਂ ਦੀ ਮਦਦ ਨਾਲ ਅਜੇਤੂ 37) ਦੇ ਯੋਗਦਾਨ ਨਾਲ ਇਹ ਟੀਮ ਵੱਡਾ ਸਕੋਰ ਬਣਾਉਣ ਵਿੱਚ ਸਫਲ ਰਹੀ। ਮੁੰਬਈ ਨੇ ਆਖਰੀ ਤਿੰਨ ਓਵਰਾਂ ਵਿੱਚ 55 ਦੌੜਾਂ ਬਣਾਈਆਂ। ਇਸ ਤੋਂ ਬਾਅਦ ਜਸਪ੍ਰੀਤ ਬੁਮਰਾਹ (14 ਦੌੜਾਂ ਉੱਤੇ 4 ਵਿਕਟਾਂ) ਅਤੇ ਟ੍ਰੈਂਟ ਬੋਲਟ (2 ਓਵਰਾਂ ਵਿੱਚ 9 ਦੌੜਾਂ 2 ਵਿਕਟਾਂ) ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਤੇ ਦਿੱਲੀ ਨੂੰ ਪਹਿਲੇ 2 ਓਵਰਾਂ ਵਿੱਚ ਹੀ ਬੈਕਫੁੱਟ ਉੱਤੇ ਭੇਜ ਦਿੱਤਾ ਅਤੇ ਦਿੱਲੀ ਦੀ ਅੱਧੀ ਟੀਮ 41 ਦੌੜਾਂ ਉੱਤੇ ਪੈਵੇਲੀਅਨ ਜਾ ਚੁੱਕੀ ਸੀ। ਮਾਰਕਸ ਸਟੋਇੰਸ (46 ਗੇਂਦਾਂ ਉੱਤੇ 65) ਤੇ ਅਕਸ਼ਰ ਪਟੇਲ (33 ਗੇਂਦਾਂ ਉੱਤੇ 42) ਨੇ 6ਵੇਂ ਵਿਕਟ ਲਈ 71 ਦੌੜਾਂ ਦੀ ਸਾਂਝ ਕਰ ਕੇ ਹਾਰ ਦਾ ਫਰਕ ਘੱਟ ਕੀਤਾ। ਵੱਡੇ ਟੀਚੇ ਸਾਹ-ਮਣੇ ਦਿੱਲੀ ਦੀ ਸ਼ੁਰੂਆਤ ਖਰਾਬ ਰਹੀ। ਬੋਲਟ ਨੇ ਪਹਿਲੇ ਓਵਰ ਵਿੱਚ ਹੀ ਪ੍ਰਿਥਵੀ ਸ਼ਾਹ ਅਤੇ ਅਜਿੰਕਯ ਰਹਾਣੇ ਨੂੰ ਆਊਟ ਕੀਤਾ ਤਾਂ ਬੁਮਰਾਹ ਨੇ ਅਗਲੇ ਓਵਰ ਵਿੱਚ ਸ਼ਿਖਰ ਧਵਨ ਨੂੰ ਆਊਟ ਕਰ ਦਿੱਤਾ। ਮੁੰਬਈ ਨੇ ਦਿੱਲੀ ਨੂੰ ਲੀਗ ਮੈਚਾਂ ਵਿੱਚ ਦੋਵੇ ਵਾਰ ਹਰਾਇਆ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW



BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਟੀ.ਪੀ.ਏ.ਆਰ. ਕਲੱਬ ਨੇ 'ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ 2020' ਪੂਰੀ ਕੀਤੀ

## ਕਲੱਬ ਦੇ 30 ਮੈਂਬਰਾਂ ਨੇ 21 ਕਿਲੋਮੀਟਰ ਅਤੇ 10 ਕਿਲੋਮੀਟਰ ਦੌੜ ਕੇ ਇਸ ਇਤਿਹਾਸਕ ਮੈਰਾਥਨ ਦੇ ਆਖ਼ਰੀ ਪੜਾਅ ਨੂੰ ਦਿੱਤਾ ਸਰਅੰਜਾਮ




77 ਸਾਲਾ ਸੀਨੀਅਰ ਮੈਂਬਰ ਈਸ਼ਰ ਸਿੰਘ ਵਰਚੂਅਲ ਰੂਪ ਵਿਚ ਸ਼ਾਮਲ ਹੋਏ









ਕੈਲਾਡਨ, (ਡਾ. ਝੰਡ) -ਲੰਘੇ ਐਤਵਾਰ 25 ਅਕਤੂਬਰ ਨੂੰ ਟੀ.ਪੀ.ਏ.ਆਰ. ਕਲੱਬ ਦੇ 30 ਮੈਂਬਰਾਂ ਨੇ ਕੈਲਾਡਨ ਟਰੇਲ ਵਿਖੇ 21 ਕਿਲੋਮੀਟਰ ਅਤੇ 10 ਕਿਲੋਮੀਟਰ ਦੋ ਗਰੁੱਪਾਂ ਵਿਚ ਦੌੜ ਕੇ ਅਤੇ ਤੇਜ਼ ਪੈਦਲ ਚੱਲ ਕੇ ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਮੈਰਾਥਨ 2020 ਦੇ ਆਖ਼ਰੀ ਪੜਾਅ ਨੂੰ ਸਫ਼ਲਤਾ ਪੂਰਵਕ ਸਰ ਕੀਤਾ। ਨਿਰਧਾਰਤ ਪ੍ਰੋਗਰਾਮ ਅਨੁਸਾਰ ਕਲੱਬ ਦੇ ਮੈਂਬਰ ਸਵੇਰੇ 8.30 ਵਜੇ ਕੈਲਾਡਨ ਸਿਵਿਕ ਹਾਲ ਦੇ ਸਾਹਮਣੇ ਖੁੱਲ੍ਹੀ ਪਾਰਕਿੰਗ ਵਿਚ ਇਕੱਠੇ ਹੋਏ ਅਤੇ ਪ੍ਰਬੰਧਕਾਂ ਵੱਲੋਂ ਆਪਣੇ ਨਾਲ ਲਿਆਂਦੀ ਹੋਈ ਚਾਹ ਦੇ ਨਾਲ ਖੋਏ ਤੇ ਅਲਸੀ ਦੀਆਂ ਪਿੰਨੀਆਂ ਛਕ ਕੇ ਠੀਕ 9.05 ਵਜੇ ਕੈਲਾਡਨ ਟਰੇਲ ਦੇ ਪੱਛਮੀ ਹਿੱਸੇ ਵੱਲ ਚੱਲ ਪਏ। ਇਸ ਮੌਕੇ ਸਾਰਿਆਂ ਨੇ ਆਪਣੇ ਚਿਹਰਿਆਂ ਉੱਪਰ ਮਾਸਕ ਪਹਿਨੇ ਹੋਏ ਸਨ।

ਸਰਕਾਰ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਇਸ ਈਵੈਂਟ ਦੇ ਪ੍ਰਬੰਧਕਾਂ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਐਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ ਦੇ ਸੰਚਾਲਕ ਪਾਲ ਬੈਂਸ ਵੱਲੋਂ ਮੈਂਬਰਾਂ ਨੂੰ ਦੋ ਗਰੁੱਪਾਂ ਵਿਚ ਵੰਡਿਆ ਗਿਆ। ਪਹਿਲੇ ਗਰੁੱਪ ਵਿਚ 21 ਕਿਲੋਮੀਟਰ ਦੌੜਨ ਵਾਲਿਆਂ ਨੂੰ ਹਰੀ ਝੰਡੀ ਦਿੱਤੀ ਗਈ, ਜਦਕਿ ਦੂਸਰੇ ਗਰੁੱਪ ਵਿਚ 10 ਕਿਲੋਮੀਟਰ ਦੌੜਨ/ਤੇਜ਼ ਤੁਰਨ ਵਾਲੇ ਮੈਂਬਰ ਸ਼ਾਮਲ ਕੀਤਾ ਗਿਆ। ਸਾਰੇ ਮੈਂਬਰਾਂ ਵੱਲੋਂ ਆਪਸ ਵਿਚ 5-6 ਮੀਟਰ ਦੀ ਦੂਰੀ ਬਣਾ ਕੇ ਚੱਲਣ ਦੇ ਅਹਿਮ ਨਿਯਮ ਦੀ ਪਾਲਣਾ ਕੀਤੀ ਗਈ। ਟਰੇਲ 'ਤੇ ਦੌੜਾਕਾਂ ਦੀ ਸਹੂਲਤ ਲਈ ਪ੍ਰਬੰਧਕਾਂ ਵੱਲੋਂ ਦੌੜ ਦੇ ਆਰੰਭ ਹੋਣ ਦੇ ਸਥਾਨ ਤੋਂ 2.5 ਕਿਲੋਮੀਟਰ, 5 ਕਿਲੋਮੀਟਰ ਅਤੇ 10.5 ਕਿਲੋਮੀਟਰ ਦੀ ਦੂਰੀ ਦਰਸਾਉਣ ਵਾਲੇ ਸਾਈਨ-ਬੋਰਡ ਲਗਾਏ ਗਏ ਸਨ ਤਾਂ ਜੋ ਕੋਈ ਵੀ ਦੌੜਾਕ ਆਪਣੀ ਸਮਰੱਥਾ ਅਨੁਸਾਰ ਦੌੜਦਿਆਂ/ਚੱਲਦਿਆ ਹੋਇਆਂ ਆਪਣੀ ਵਾਪਸੀ ਕਰ ਸਕੇ। ਹੈਰਾਨੀ ਦੀ ਗੱਲ ਸੀ ਕਿ ਜਿਨ੍ਹਾਂ ਨੇ ਇਸ ਦੌੜ ਵਿਚ ਪੰਜ ਕਿਲੋਮੀਟਰ ਦੌੜਨ ਜਾਂ ਪੈਦਲ ਚੱਲਣ ਦਾ ਮਨ ਬਣਾਇਆ ਸੀ, ਉਨ੍ਹਾਂ ਨੇ ਵੀ ਢਾਈ ਕਿਲੋਮੀਟਰ ਦੀ ਦੂਰੀ ਵਾਲੇ ਸਾਈਨਬੋਰਡ ਤੋ ਮੋੜਾ ਨਾ ਪਾਇਆ ਅਤੇ ਸਾਰਿਆਂ ਨੇ 5 ਜਾਂ 10.5 ਕਿਲੋਮੀਟਰ ਵਾਲੇ ਸਾਈਨਬੋਰਡਾਂ ਤੋਂ ਵਾਪਸੀ ਕਰਕੇ 10 ਕਿਲੋਮੀਟਰ ਅਤੇ 21 ਕਿਲੋਮੀਟਰ ਦੌੜ ਕੇ/ਪੈਦਲ ਚੱਲ ਕੇ ਇਸ ਈਵੈਂਟ ਵਿਚ ਆਪਣੀ ਸਫ਼ਲਤਾ ਦਰਜ ਕਰਵਾਈ।

ਕਲੱਬ ਦੇ ਮੈਰਾਥਨ ਦੌੜਾਕਾਂ ਧਿਆਨ ਸਿੰਘ ਸੋਹਲ ਨੇ 21 ਕਿਲੋਮੀਟਰ ਦੀ ਦੂਰੀ 1 ਘੰਟਾ 50 ਮਿੰਟ ਅਤੇ ਸੋਢੀ ਕੰਗ ਨੇ 1 ਘੰਟਾ 53 ਮਿੰਟ ਵਿਚ ਪੂਰੀ ਕੀਤੀ, ਜਦਕਿ ਹੋਰ ਦੌੜਾਕਾਂ ਜਸਵੀਰ ਪਾਸੀ, ਪਰਦੀਪ ਪਾਸੀ, ਸੰਜੂ ਗੁਪਤਾ, ਕਰਮਜੀ ਸਿੰਘ ਕੋਚ, ਧਰਮ ਸਿੰਘ, ਕੁਲਦੀਪ ਗਰੇਵਾਲ, ਸਿਮਰਤ ਪਾਲ ਭੁੱਲਰ ਨੇ ਇਸ ਦੇ ਲਈ ਦੋ ਤੋਂ ਢਾਈ ਘੰਟੇ ਦਾ ਸਮਾ ਲਿਆ। ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਈਸ਼ਰ ਸਿੰਘ (77 ਸਾਲ) ਆਪਣੇ ਰਿਹਾਇਸ਼ੀ ਅਸਥਾਨ ਤੋਂ ਏਅਰਪੋਰਟ ਰੋਡ ਤੱਕ ਵਰਚੂਅਲ ਰੂਪ ਵਿਚ ਦੌੜ ਕੇ ਇਸ ਦੌੜ ਵਿਚ ਸ਼ਾਮਲ ਹੋਏ। ਹੋਰ ਸੀਨੀਅਰ ਮੈਂਬਰਾਂ ਵਿਚ ਕੇਸਰ ਸਿੰਘ ਬੜੈਚ (72), ਸੁਖਦੇਵ ਸਿੰਘ ਝੰਡ (70), ਹਰਭਜਨ ਸਿੰਘ ਗਿੱਲ (69), ਭਜਨ ਸਿੰਘ ਥਿੰਦ (68), ਜਸਵਿੰਦਰ ਸਿੰਘ (67) ਰਜਿੰਦਰ ਸਿੰਘ ਭਿੰਡਰ (67) ਅਤੇ ਪਰਮ ਸਿੱਧੂ ਸ਼ਾਮਲ ਸਨ ਜਿਨ੍ਹਾਂ ਨੇ ਇਸ ਦੌੜ ਵਿਚ 10 ਕਿਲੋਮੀਟਰ ਦੀ ਦੂਰੀ ਤੇਜ਼ ਪੈਦਲ ਚੱਲ ਕੇ ਤੈਅ ਕੀਤੀ। ਦੌੜ ਦੀ ਸਮਾਪਤੀ 'ਤੇ ਸਾਰਿਆਂ ਨੇ ਏਅਰਪੋਰਟ ਰੋਡ/ ਸੈਂਡਲਵੁੱਡ ਪਲਾਜ਼ੇ ਵਿਚ ਸਥਿਤ ਸਬਵੇਅ ਦੇ ਮਾਲਕ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਕੁਲਦੀਪ ਰੰਧਾਵਾ ਦੇ ਹੱਥ ਭੇਜੇ ਗਏ ਸਬਾਂ ਅਤੇ ਜੂਸ ਨਾਲ ਲੰਚ ਕੀਤਾ ਅਤੇ ਘਰਾਂ ਨੂੰ ਵਾਪਸੀ ਲਈ ਚਾਲੇ ਪਾ ਦਿੱਤੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਕਲੱਬ ਦੇ 17 ਮੈਂਬਰਾਂ ਨੇ ਸਕੋਸ਼ੀਆਬੈਂਕ ਵਾਟਰਫ਼ਰੰਟ ਵਰਚੂਅਲ ਫੁੱਲ ਅਤੇ ਹਾਫ਼ ਮੈਰਾਥਨ 2020 ਲਈ ਆਪਣੀ ਰਜਿਸਟ੍ਰੇਸ਼ਨ ਕਰਵਾਈ ਸੀ ਅਤੇ ਉਹ ਸਾਰੇ ਇਹ ਲੋੜੀਂਦੀ ਦੂਰੀ ਇਸ ਤੋਂ ਪਹਿਲਾਂ ਵੱਖ-ਵੱਖ ਸਮੇਂ ਵੱਖ-ਵੱਖ ਟਰੇਲਾਂ 'ਤੇ ਦੌੜ ਕੇ ਪੂਰੀ ਕਰ ਚੁੱਕੇ ਸਨ। ਦੌੜ ਦੇ ਇਸ ਈਵੈਂਟ 'ਤੇ ਇਸ ਮੌਕੇ ਰਸਮੀ ਤੌਰ 'ਤੇ ਦੌੜ ਕੇ ਉਨ੍ਹਾਂ ਨੇ ਆਪਣੀ ਹਾਜ਼ਰੀ ਲਵਾਈ। ਪੀ.ਟੀ.ਐੱਨ. 24 ਦੇ ਸੰਚਾਲਕ ਚਮਕੌਰ ਸਿੰਘ ਮਾਛੀਕੇ ਅਤੇ ਜ਼ੀ.ਟੀ.ਵੀ. ਦੇ ਨੁਮਾਇੰਦੇ ਦਪਿੰਦਰ ਨੇ ਇਸ ਈਵੈਂਟ ਨੂੰ ਆਪਣੇ ਕੈਮਰਿਆਂ ਵਿਚ ਕੈਦ ਕੀਤਾ। ਅਖ਼ੀਰ ਵਿਚ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਕਲੱਬ ਦੇ ਸਾਰੇ ਮੈਂਬਰਾਂ ਅਤੇ ਮੀਡੀਏ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਈਵੈਂਟ ਨੂੰ ਸਫਲ਼ ਬਨਾਉਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।

## ਹਲਕਾ ਫੁਲਕਾ

ਅਨਵਰ ਆਪਣੀ ਦੂਰਬੀਨ ਨਾਲ ਤਾਰੇ ਦੇਖ ਰਿਹਾ ਸੀ ਅਤੇ ਸ਼ੰਮੀ ਬੜੀ ਦੇਰ ਤੋਂ ਉਸ ਨੂੰ ਘੂਰ ਰਿਹਾ ਸੀ। ਅਚਾਨਕ ਇੱਕ ਤਾਰਾ ਟੁੱਟ ਕੇ ਡਿਗਿਆ ਤਾਂ ਸ਼ੰਮੀ ਜ਼ੋਰ ਨਾਲ ਬੋਲਿਆ, "ਵਾਹ! ਕੀ ਨਿਸ਼ਾਨਾ ਲਾਇਆ ਹੈ।"

*********

ਪਤਨੀ, "ਉਠ ਵੀ ਜਾਓ, ਸਵੇਰ ਦੇ ਸੱਤ ਵੱਜ ਗਏ ਤੇ ਤੁਸੀਂ ਅਜੇ ਲੰਮੇ ਪਏ-ਪਏ ਉਬਾਸੀਆਂ ਲੈ ਰਹੇ ਹੋ?"
ਪਤੀ, "ਉਬਾਸੀਆਂ ਹੀ ਤਾਂ ਸਾਨੂੰ ਪਤੀਆਂ ਨੂੰ ਮੂੰਹ ਖੋਲ੍ਹਣ ਦਾ ਮੌਕਾ ਦਿੰਦੀਆਂ ਹਨ। ਤੂੰ ਉਸ 'ਤੇ ਵੀ ਰੋਕ ਲਾ ਦੇਣਾ ਚਾਹੁੰਦੀ ਏਂ?"

*********

ਇੱਕ ਬੱਚਾ ਡਾਕਟਰ ਕੋਲ ਗਿਆ ਅਤੇ ਬੋਲਿਆ, "ਡਾਕਟਰ ਅੰਕਲ, ਕੀ ਤੁਹਾਡੇ ਕੋਲ ਦਰਦ ਦੀ ਦਵਾਈ ਹੈ?"
ਡਾਕਟਰ, "ਦਰਦ ਕਿੱਥੇ ਹੈ?"
ਬੱਚਾ, "ਜੀ ਅਜੇ ਤਾਂ ਨਹੀਂ ਹੈ, ਪਰ ਅੱਧੇ ਘੰਟੇ ਬਾਅਦ ਹੋਵੇਗਾ, ਜਦੋਂ ਡੈਡੀ ਰਿਪੋਰਟ ਕਾਰਡ ਦੇਖਣਗੇ।"

# ਲੋਕਤੰਤਰ ਦੀ ਮੱਠੀ-ਮੱਠੀ ਮੌਤ ਹੈ, ਪੰਜਾਬ ਦੇ ਸੰਘਰਸ਼ ਨੂੰ ਦਬਾਉਣਾ

-ਗੁਰਮੀਤ ਸਿੰਘ ਪਲਾਹੀ-



ਇਹ ਦੁਖਦਾਈ ਹੈ ਕਿ ਕੁਝ ਲੋਕ ਹੀ ਵੇਖ ਰਹੇ ਹਨ ਕਿ ਪੰਜਾਬ ਵਿੱਚ ਕੀ ਹੋ ਰਿਹਾ ਹੈ? ਅਤੇ ਜੋ ਲੋਕ ਅਸਲੀਅਤ ਵੇਖ ਰਹੇ ਹਨ, ਉਹਨਾ ਵਿੱਚੋਂ ਤਾਂ ਕਈ ਚੁੱਪ ਹਨ ਜਾਂ ਚੁੱਪ ਰਹਿਣਗੇ ਇਸ ਡਰੋਂ ਕਿ ਉਹਨਾ ਨਾਲ ਵੀ ਉਹ ਕੁਝ ਨਾ ਹੋ ਜਾਵੇਗਾ ਜੋ ਦੇਸ਼ ਦੇ ਕੁਝ ਲੇਖਕਾਂ, ਵਿਦਿਆਰਥੀਆਂ, ਕਵੀਆਂ, ਪ੍ਰੋਫੈਸਰਾਂ ਅਤੇ ਸਮਾਜਿਕ ਕਾਰਕੁੰਨਾਂ ਨਾਲ ਹੋਇਆ। ਜਿਹਨਾ ਖਿਲਾਫ਼ "ਹਾਕਮ ਵਿਰੋਧੀ ਅਵਾਜ਼" ਬਨਣ 'ਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ਼ ਕਰਵਾ ਦਿੱਤੇ ਗਏ। ਕਿਹਾ ਜਾ ਰਿਹਾ ਹੈ ਕਿ ਪੰਜਾਬ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਕਿਸਾਨ ਖ਼ਫਾ ਹਨ ਕਿ ਉਹਨਾ ਦੀ ਆਪਣੀ ਲੋਕਤੰਤਰੀ ਸਰਕਾਰ ਨੇ ਉਹਨਾ ਵਿਰੁੱਧ ਕਾਲੇ ਕਾਨੂੰਨ ਪਾਸ ਕਰ ਦਿੱਤੇ ਹਨ। ਉਹਨਾ ਨੂੰ ਕਾਰਪੋਰੇਟੀਆਂ ਦਾ "ਚਾਰਾ" ਬਣਾਕੇ ਉਹਨਾ ਅੱਗੇ ਉਹਨਾ ਦਾ "ਖ਼ਾਜਾ" ਬਨਣ ਲਈ ਸੁੱਟ ਦਿੱਤਾ ਹੈ। ਕਿਸਾਨ ਕਹਿੰਦੇ ਹਨ ਕਿ ਉਹਨਾ ਦੀ ਫ਼ਸਲ ਦਾ ਜੇਕਰ ਉਹਨਾ ਨੂੰ ਮੁੱਲ ਹੀ ਨਹੀਂ ਮਿਲਣਾ, ਜੇਕਰ ਉਹਨਾ ਦੀ ਜ਼ਮੀਨ ਲੁਕਵੇਂ ਢੰਗ-ਤਰੀਕਿਆਂ ਨਾਲ ਹੜੱਪ ਲਈ ਜਾਣੀ ਹੈ ਤਾਂ ਫਿਰ ਉਹ ਉਸ ਲੋਕਤੰਤਰ ਦਾ ਹਿੱਸਾ ਕਿਵੇਂ ਹੋਏ, ਜਿਹੜਾ ਉਹਨਾ ਨੂੰ ਇਨਸਾਫ਼,ਆਜ਼ਾਦੀ, ਬਰਾਬਰਤਾ ਦੇਣ ਦੀ ਦੁਹਾਈ ਦਿੰਦਾ ਹੈ? ਉਹ ਪੁੱਛਦੇ ਹਨ ਕਿ ਜੇਕਰ ਉਹ ਆਪਣੇ ਹੱਕਾਂ ਲਈ ਹਕੂਮਤ ਅੱਗੇ ਆਪਣੀ ਗੱਲ ਰੱਖ ਰਹੇ ਹਨ, ਤਾਂ ਫਿਰ ਉਹਨਾ ਦੀ ਗੱਲ ਜਾਂ ਉਹਨਾ ਦਾ ਪੱਖ ਸੁਣਿਆ ਕਿਉਂ ਨਹੀਂ ਜਾ ਰਿਹਾ? ਆਪਣੀ ਜਿੱਦ ਕਾਇਮ ਰੱਖਦਿਆਂ ਉਹ ਹੱਥ-ਕੰਡੇ ਕਿਉਂ ਵਰਤੇ ਜਾ ਰਹੇ ਹਨ, ਜਿਹਨਾ ਨਾਲ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕ, ਅੱਕ-ਥੱਕ ਜਾਣ ਤੇ ਚੁੱਪ-ਚਾਪ ਘਰਾਂ ਵਿੱਚ ਦੁਬਕ ਕੇ ਬੈਠ ਜਾਣ। ਕੀ ਇਹ ਕਿਸੇ ਜੀਊਂਦੇ-ਜਾਗਦੇ ਲੋਕਤੰਤਰ ਵਿੱਚ ਹੋਣਾ ਜਾਇਜ਼ ਹੈ? ਕੀ ਦੇਸ਼ ਦਾ ਹਾਕਮ ਉਸ ਸਥਿਤੀ ਵਿੱਚ ਇਸ ਗੱਲ ਦਾ ਦਾਅਵਾ ਕਰਨ ਦਾ ਹੱਕਦਾਰ ਹੈ ਕਿ ਸਾਡਾ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਦੋਂ ਕਿ ਸੰਸਦ ਵਿੱਚ ਬਿਨ੍ਹਾਂ ਮਤਦਾਨ ਕਾਨੂੰਨ ਪਾਸ ਕਰਵਾਏ ਜਾ ਰਹੇ ਹੋਣ, ਦੇਸ਼ ਦੇ ਨੇਤਾਵਾਂ ਨੂੰ ਬਿਨ੍ਹਾਂ ਕਿਸੇ ਦੋਸ਼ ਜੇਲ੍ਹੀਂ ਧੱਕ ਦਿੱਤਾ ਜਾਂਦਾ ਹੋਏ, ਜਦ ਸਦੀ ਪੁਰਾਣੇ ਧਾਰਮਿਕ ਸਥਲ ਨੂੰ ਢਾਉਣ ਵਾਲਿਆਂ ਨੂੰ ਦੋਸ਼ੀ ਹੀ ਨਾ ਗਰਦਾਨਿਆਂ ਜਾਏ ਅਤੇ ਜਿਥੇ ਟੈਕਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ "ਵਿਰੋਧੀਆਂ" ਦੇ ਉਤਪੀੜਨ ਦਾ ਕਾਰਨ ਬਣ ਜਾਣ। ਜਿਥੇ ਘੱਟ ਗਿਣਤੀਆਂ ਡਰ ਵਿੱਚ ਰਹਿ ਰਹੀਆਂ ਹੋਣ ਅਤੇ ਜਿਥੇ ਪੁਲਿਸ ਅਤੇ ਪ੍ਰਸ਼ਾਸਨ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰੇ ਉਤੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤੇ ਗਏ ਹੋਣ ਅਤੇ ਜਿਥੇ ਫੌਜ ਵੀ ਸਿਆਸੀ ਮੁੱਦਿਆਂ ਪ੍ਰਤੀ ਬੋਲ ਰਹੀ ਹੋਵੇ ਅਤੇ ਜਿਥੇ ਮੀਡੀਆ ਨੂੰ ਗੋਦ ਲੈਕੇ ਹਾਕਮ ਧਿਰ, ਸਿਰਫ ਤੇ ਸਿਰਫ਼ ਆਪਣੀ ਬੋਲੀ ਬੋਲਣ 'ਤੇ ਮਜ਼ਬੂਰ ਕਰ ਦਿੱਤੀ ਗਈ ਹੋਵੇ।

ਪੰਜਾਬ ਦੇ ਕਿਸਾਨ ਹੱਕਾਂ ਦੀ ਲੜਾਈ ਲਈ ਸੜਕਾਂ ਉਤੇ ਆਏ। ਉਹਨਾ ਰੇਲ ਪੱਟੜੀਆਂ ਮੱਲ ਲਈਆਂ। ਕਿਸਾਨਾਂ ਤੋਂ ਬਿਨ੍ਹਾਂ ਮਜ਼ਦੂਰ, ਨੌਜਵਾਨ, ਔਰਤਾਂ, ਛੋਟੇ ਕਾਰੋਬਾਰੀ, ਅਧਿਆਪਕ, ਬੁੱਧੀਜੀਵੀ ਉਹਨਾ ਨਾਲ ਆ ਖੜੇ ਹੋਏ। ਕਿਸਾਨਾਂ ਦੀਆਂ ਜੱਥੇਬੰਦੀਆਂ ਇਕੱਠੀਆਂ ਹੋਈਆਂ। ਮਜ਼ਬੂਰਨ ਪੰਜਾਬ ਦੀ ਸਰਕਾਰ ਨੂੰ ਵਿਧਾਨ ਸਭਾ 'ਚ ਬਾਕੀ ਲਗਭਗ ਸਾਰੀਆਂ ਪਾਰਟੀਆਂ ਨੂੰ ਨਾਲ ਲੈ ਕੇ ਤਿੰਨੇ ਖੇਤੀ ਕਾਨੂੰਨ ਵਾਪਿਸ ਲੈਣ ਦੇ ਬਿੱਲ ਪਾਸ ਕੀਤੇ। ਬਾਵਜੂਦ ਇਸ ਸਭ ਕੁਝ ਦੇ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਦੀਆਂ ਪੰਜਾਬੀਆਂ ਨੂੰ ਸਰਵ ਪ੍ਰਵਾਨਤ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸੰਘਰਸ਼ ਕਰ ਰਹੇ ਨੁਮਾਇੰਦਿਆਂ ਨੂੰ ਗੱਲਬਾਤ ਲਈ ਵੀ ਸੱਦਿਆ ਨਹੀਂ ਜਾ ਰਿਹਾ। ਜੇਕਰ ਇੱਕ ਦੋ ਵੇਰ ਸੱਦਾ ਪੱਤਰ ਮਿਲੇ ਹਨ ਤਾਂ ਉਹ ਕਿਸਾਨਾਂ ਦੀ ਗੱਲ ਸੁਣਨ ਲਈ ਨਹੀਂ, ਸਗੋਂ ਉਹਨਾ ਨੂੰ ਆਪਣੇ ਪਾਸ ਕੀਤੇ ਕਾਨੂੰਨਾਂ ਦੇ ਫਾਇਦੇ ਦੱਸਣ ਲਈ ਸੱਦੇ ਦਿੱਤੇ ਗਏ ਹਨ। ਕੀ ਹਾਕਮਾਂ ਵਲੋਂ ਕਿਸੇ ਸਮੁੱਚੇ ਸੂਬੇ ਦੇ ਲੋਕਾਂ ਦੇ ਜਜ਼ਬਿਆਂ ਨੂੰ ਦਰਕਿਨਾਰ ਕਰਨਾ ਜਾਇਜ਼ ਹੈ? ਕੀ ਸਮੁੱਚੇ ਸੂਬੇ ਦੇ ਲੋਕਾਂ ਪ੍ਰਤੀ ਓਪਰਾ ਤੇ ਦੁਰਿਆਰਾ ਵਰਤਾਓ ਕਰਨ ਨੂੰ ਉਦਾਰ ਲੋਕਤੰਤਰ ਦੀ ਮੱਠੀ-ਮੱਠੀ ਮੌਤ ਨਹੀਂ ਗਿਣਿਆ ਜਾਏਗਾ?

ਸੂਬੇ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਪੈਰ ਹੇਠ ਮਧੋਲਣਾ ਅਤੇ ਉਹਨਾ ਨੂੰ ਠਿੱਠ ਕਰਨ ਲਈ ਹਰ ਹਰਬਾ ਵਰਤਣਾ ਕੀ ਬਦਲਾ ਲਊ ਕਾਰਵਾਈ ਨਹੀਂ ਹੈ? ਇਸ ਨਵੇਂ ਹੁਕਮ ਨੂੰ ਕੀ ਸਮਝਿਆ ਜਾਏ ਇਸਨੂੰ ਕਿ ਕਿਸਾਨਾਂ ਨੇ ਕੱਚਾ ਮਾਲ ਪੰਜਾਬ 'ਚ ਲਿਆਉਣ ਲਈ ਤਾਂ ਪਟੜੀਆਂ ਖਾਲੀ ਕਰ ਦਿੱਤੀਆਂ, ਪਰ ਸਰਕਾਰ ਵਲੋਂ ਨਵੀਂ ਸ਼ਰਤ ਲਗਾਉਣਾ ਕਿ ਮਾਲ ਗੱਡੀਆਂ ਤਦੇ ਚਾਲੂ ਹੋਣਗੀਆਂ ਜੇਕਰ ਯਾਤਰੂ ਗੱਡੀਆਂ ਚਲਾਉਣ ਦੀ ਕਿਸਾਨ ਆਗਿਆ ਦੇਣਗੇ। ਕੀ ਇਹ ਰਾਜ ਹੱਠ ਤਾਂ ਨਹੀਂ ਹੈ?

ਇਸ ਗੱਲ ਨੂੰ ਕੀ ਸਮਝਿਆ ਜਾਵੇ ਕਿ ਪਰਾਲੀ ਜਲਾਉਣ ਵਾਲੇ ਨੂੰ ਇੱਕ ਕਰੋੜ ਤੱਕ ਜੁਰਮਾਨਾ ਤੇ ਪੰਜ ਸਾਲ ਦੀ ਕੈਦ ਹੋਏਗੀ, ਜਦਕਿ ਪ੍ਰਦੂਸ਼ਣ ਲਈ ਇਕੱਲਿਆਂ ਪਰਾਲੀ ਜਲਾਉਣਾ ਹੀ ਕਾਰਨ ਨਹੀਂ ਹੈ? ਇਸਨੂੰ ਕੀ ਸਮਝਿਆ ਜਾਵੇ ਕਿ ਕਿਸਾਨ ਅੰਦੋਲਨ ਦੇ ਸਮੇਂ ਪੰਜਾਬ ਤੋਂ ਪੇਂਡੂ ਵਿਕਾਸ ਫੰਡ ਖੋਹਣ ਦਾ ਕੇਂਦਰ ਨੇ ਐਲਾਨ ਕਰ ਦਿੱਤਾ ਹੈ। ਕੀ ਇਹ ਜਿੱਦ ਪੁਗਾਉਣਾ ਤੇ ਵਿਰੋਧੀਆਂ ਨੂੰ ਠਿੱਠ ਕਰਨਾ ਤਾਂ ਨਹੀਂ ਹੈ?

ਇਸ ਗੱਲ ਨੂੰ ਕੀ ਸਮਝਿਆ ਜਾਏ ਕਿ ਦਲਿਤਾਂ ਉਤੇ ਹੋ ਰਹੇ ਅਤਿਆਚਾਰਾਂ ਵਿਰੁੱਧ ਪੰਜਾਬ ਵਿੱਚ ਹਾਕਮ ਧਿਰ ਭਾਜਪਾ ਰੈਲੀਆਂ ਕੱਢਣ ਲੱਗ ਪਈ ਤੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ ਟਕਰਾਅ ਦੀ ਸਥਿਤੀ ਵਿੱਚ ਲਿਆਉਣ ਲਈ ਤਰਲੋ ਮੱਛੀ ਹੋਣ ਲੱਗੀ। ਕੀ ਇਹ ਪੰਜਾਬ ਦੇ ਲੋਕਾਂ ਦੇ ਮਨਾਂ ਵਿਚੋਂ ਭਾਜਪਾ ਦੀ ਲਪੇਟੀ ਜਾ ਰਹੀ ਸਫ਼ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ? ਕੀ ਇਹ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਨੀਅਤ ਤਾਂ ਨਹੀਂ?

ਪੰਜਾਬ ਨਾਲ ਵਿਤਕਰਿਆਂ ਦੀ ਦਾਸਤਾਨ ਲੰਬੀ ਹੈ। ਦਿੱਲੀ ਤਖਤ ਚਾਹੇ ਉਹ ਕਾਂਗਰਸ ਦੇ ਹੱਥ ਸੀ ਅਤੇ ਭਾਵੇਂ ਅੱਜ ਭਾਜਪਾ ਦੇ ਹੱਥ ਹੈ, ਪੰਜਾਬ ਲਈ ਨਿੱਤ ਨਵੀਆਂ ਔਖਿਆਈਆਂ ਪੈਦਾ ਕਰਦਾ ਰਿਹਾ ਹੈ। 1947 ਭੁਲਿਆ ਨਹੀਂ ਸੀ ਕਿ 1984 ਨੇ ਪੰਜਾਬ ਝੰਜੋੜਿਆ। ਵਿਦੇਸ਼ੀ ਗੁਆਂਢੀਆਂ ਨਾਲ ਜੰਗਾਂ ਵਿੱਚ ਤਾਂ ਪੰਜਾਬ ਨੇ ਆਪਣੀ ਆਰਥਿਕਤਾ ਗੁਆਈ ਹੀ, ਹਰੇ ਇਨਕਲਾਬ ਦੇ ਮ੍ਰਿਗਤ੍ਰਿਸ਼ਨਾਈ ਵਰਤਾਰੇ ਨੇ ਪੰਜਾਬ ਦੇ ਕਿਸਾਨਾਂ ਦੇ ਜੜ੍ਹੀਂ ਤੇਲ ਦਿੱਤਾ। ਪੰਜਾਬ ਦਾ ਧਰਤੀ ਹੇਠਲਾ ਪਾਣੀ ਮੁਕਿਆ, ਜ਼ਰਖੇਜ਼ ਜ਼ਮੀਨਾਂ ਜ਼ਹਿਰੀਲੀਆਂ ਜ਼ਮੀਨਾਂ ਬਣੀਆਂ। ਖੇਤੀ ਘਾਟੇ ਦਾ ਸੌਦਾ ਬਣਿਆ। ਨਿਰਾਸਤਾ ਤੇ ਨਿਰਾਸ਼ਾ ਦੇ ਆਲਮ ਵਿੱਚ ਦਹਿਸ਼ਤਵਾਦ ਦਾ ਦੌਰ ਪੰਜਾਬ ਦੇ ਪਿੰਡੇ ਨੂੰ ਪੱਛ ਗਿਆ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨਿਗਲ ਲਈ, ਰਹਿੰਦੀ ਖੂੰਹਦੀ ਜਵਾਨੀ ਹੱਥੀਂ ਝੋਲੇ ਫੜਾ, ਵਿਦੇਸ਼ੀ ਤੋਰ ਦਿੱਤੀ। ਕੀ ਹੈਰਾਨੀ ਦੀ ਗੱਲ ਨਹੀਂ ਕਿ ਪੰਜਾਬੀ ਸੂਬਾ 1966 'ਚ ਬਨਣ ਤੋਂ ਬਾਅਦ ਅੱਜ 54 ਸਾਲਾਂ ਬਾਅਦ ਵੀ ਪੰਜਾਬ ਕੋਲ ਆਪਣੀ ਰਾਜਧਾਨੀ ਨਹੀਂ? ਜਦਕਿ 5 ਜਾਂ 6 ਲੱਖ ਦੀ ਅਬਾਦੀ ਵਾਲੇ ਨਾਗਾਲੈਂਡ ਵਰਗੇ ਸੂਬੇ ਵੀ ਰਾਜਧਾਨੀਆਂ ਵਾਲੇ ਹਨ। ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਂਦਿਆਂ ਦੇਸ਼ ਦੇ ਮੌਕੇ ਦੇ ਹਾਕਮਾਂ ਭਾਖੜਾ ਡੈਮ ਵਰਗਾ ਤੋਹਫ਼ਾ ਪੰਜਾਬ ਨੂੰ ਦਿੱਤਾ, ਉਹ ਪੰਜਾਬੀ ਸੂਬਾ ਬਨਣ ਵੇਲੇ ਪੰਜਾਬ ਤੋਂ ਖੋਹ ਲਿਆ ਅਤੇ ਨਾਲ ਹੀ ਪੰਜਾਬ ਦੇ ਪਾਣੀ ਖੋਹ ਲਏ ਅਤੇ ਲਗਭਗ 6 ਦਹਾਕਿਆਂ ਬਾਅਦ ਵੀ ਪਾਣੀਆਂ ਦੇ ਮਾਮਲੇ 'ਚ ਪੰਜਾਬ ਨੂੰ ਇਨਸਾਫ ਨਹੀਂ ਮਿਲ ਰਿਹਾ। ਇਹ ਕਦੇ ਸਿਆਸੀ ਸ਼ੌਕਣਬਾਜੀ ਕਾਰਨ ਹੋ ਰਿਹਾ ਹੈ ਅਤੇ ਕਦੇ ਪੰਜਾਬ ਦੇ ਸਿਆਸੀ ਲੋਕਾਂ ਦੀ ਵੋਟ ਹਥਿਆਉਣ ਦੀ ਬੇਇਮਾਨੀ ਅਤੇ ਬਦਨੀਤੀ ਕਾਰਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਅੱਜ ਕਿਸਾਨ ਸੰਘਰਸ਼ ਸਮੇਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਆਪਣਾ ਵੋਟ ਬੈਂਕ ਪੱਕਾ ਕਰਨ ਲਈ ਤਰਲੋ-ਮੱਛੀ ਹੋ ਰਹੀਆਂ ਹਨ ਅਤੇ ਕਿਸਾਨਾਂ ਵਿਚੋਂ ਖਿਸਕਦੇ ਅਧਾਰ ਨੂੰ ਬਚਾਈ ਰੱਖਣ ਲਈ ਨਿੱਤ ਨਵੇਂ ਪੈਂਤੜੇ ਅਪਨਾਉਂਦੀਆਂ ਹਨ। ਕਿਆਸ ਕਰੋ ਉਸ ਪਾਰਟੀ ਦਾ ਵਰਤਾਰਾ ਜਿਹੜੀ ਕਦੇ ਭਾਜਪਾ ਦੇ ਵਲੋਂ ਪਾਸ ਕੀਤੇ ਖੇਤੀ ਐਕਟਾਂ ਨੂੰ ਕਿਸਾਨ ਹਿਤੈਸ਼ੀ ਮੰਨਦੀ ਤੇ ਪ੍ਰਚਾਰਦੀ ਰਹੀ ਤੇ ਜਦੋਂ ਕਿਸਾਨ ਰੋਹ ਵੇਖਿਆ ਤਾਂ ਕੂਹਣੀ ਮੋੜ ਕੱਟਕੇ ਖੇਤੀ ਐਕਟਾਂ ਦੇ ਹੱਕ 'ਚ ਆ ਖੜੋਤੀ। ਇਹੀ ਪਾਰਟੀ, ਜਦੋਂ ਵਿਰੋਧੀ ਧਿਰ 'ਚ ਹੁੰਦੀ ਹੈ ਤਾਂ ਚੰਡੀਗੜ੍ਹ ਪੰਜਾਬ ਨੂੰ ਦਿਉ ਤੇ ਪੰਜਾਬੀ ਬੋਲਦੇ ਇਲਾਕੇ ਹਰਿਆਣੇ ਤੋਂ ਲੈ ਕੇ ਪੰਜਾਬ ਦੀ ਝੋਲੀ ਪਾਉ ਦਾ ਨਾਹਰਾ ਲਾਉਂਦੀ ਹੈ ਤੇ ਜਦੋਂ ਆਪ ਹਾਕਮ ਧਿਰ ਬਣਦੀ ਹੈ ਜਾਂ ਦਿੱਲੀ ਦੀ ਹਾਕਮ ਧਿਰ ਦਾ ਹਿੱਸਾ ਬਣਦੀ ਹੈ ਤਾਂ ਚੰਡੀਗੜ੍ਹ ਵੀ ਭੁੱਲ ਜਾਂਦੀ ਹੈ ਅਤੇ ਪੰਜਾਬ ਦੇ ਪਾਣੀਆਂ ਨਾਲ ਹੋਏ ਵਿਤਕਰੇ ਦੀ ਦਾਸਤਾਨ ਵੀ ਉਸਨੂੰ ਯਾਦ ਨਹੀਂ ਰਹਿੰਦੀ। ਇਹੀ ਹਾਲ ਆਮ ਆਦਮੀ ਪਾਰਟੀ ਦਾ ਹੈ, ਜਿਹੜੀ ਵਿਧਾਨ ਸਭਾ ਤੇ ਰਾਜਪਾਲ ਪੰਜਾਬ ਕੋਲ ਨਵੇਂ ਕਿਸਾਨ ਐਕਟਾਂ ਨੂੰ ਪਾਸ ਕਰਾਉਣ ਤੇ ਪੁਰਾਣੇ ਕੇਂਦਰੀ ਐਕਟਾਂ ਦੇ ਵਿਰੋਧ 'ਚ ਖੜਦੀ ਹੈ ਅਤੇ ਬਾਅਦ 'ਚ ਪੈਂਤੜਾ ਹੀ ਬਦਲ ਲੈਂਦੀ ਹੈ। ਕਾਂਗਰਸ ਤਾਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਵੱਡੇ ਦਮਗਜ਼ੇ ਮਾਰਨ ਅਤੇ ਪਾਣੀਆਂ ਦੀ ਵੰਡ ਦੇ ਮਾਮਲੇ ਉਤੇ ਵਿਧਾਨ ਸਭਾ 'ਚ ਮਤੇ ਪਾਸ ਕਰ, ਕਰਵਾਕੇ ਇਸ ਅਹਿਮ ਮਸਲੇ ਨੂੰ ਆਪਣੇ ਰਹਿਮੋ-ਕਰਮ ਉਤੇ ਛੱਡਕੇ ਸਿਰ ਹੇਠ ਬਾਂਹ ਦੇਕੇ ਸੁੱਤੀ ਨਜ਼ਰ ਆਉਂਦੀ ਹੈ।

ਅੱਜ ਜਦੋਂ ਪੰਜਾਬ ਦੇ ਲੋਕਾਂ ਨੇ ਆਪਣੇ ਹੱਕਾਂ ਦੀ ਰਾਖੀ ਦਾ ਹੋਕਾ ਦਿੱਤਾ ਹੈ। ਕਿਸਾਨ ਜੱਥੇਬੰਦੀਆਂ ਨੇ ਮੋਹਰੀ ਰੋਲ ਅਦਾ ਕਰਦਿਆਂ, ਦੇਸ਼ ਦੇ ਲੋਕਾਂ ਨੂੰ ਉਹਨਾ ਨਾਲ ਖੜਨ ਅਤੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਸੱਦਾ ਦਿੱਤਾ ਹੈ ਤਾਂ ਦੇਸ਼ ਦੀਆਂ ਲਗਭਗ 300 ਕਿਸਾਨ ਜੱਥੇਬੰਦੀਆਂ ਉਹਨਾ ਦੇ ਹੱਕ 'ਚ ਆ ਖੜ੍ਹੀਆਂ ਹਨ ਅਤੇ ਉਹਨਾ ਵਲੋਂ ਭਾਰਤ ਬੰਦ ਦਾ ਸੱਦਾ ਭਾਰਤ ਦੇ ਲੋਕਤੰਤਰ ਨੂੰ ਜੀਊਂਦੇ ਰੱਖਣ ਲਈ ਇੱਕ ਆਵਾਜ਼ ਬਨਣ ਸਮਾਨ ਹੈ।

ਪੰਜਾਬ ਦੇ ਲੋਕਾਂ ਨੇ ਦੇਸ਼ ਵਿੱਚ ਘੱਟ ਗਿਣਤੀਆਂ 'ਤੇ ਹੋ ਰਹੇ ਅਤਿਆਚਾਰਾਂ, ਦਲਿਤਾਂ ਨਾਲ ਹੋ ਰਹੀ ਬੇਇਨਸਾਫੀ ਅਤੇ ਭਾਰਤੀ ਸੰਵਿਧਾਨ ਨਾਲ ਕੀਤੀ ਜਾ ਰਹੀ ਛੇੜਛਾੜ ਵਿਰੁੱਧ ਇੱਕ ਆਵਾਜ਼ ਇਹ ਜਾਣਦਿਆਂ, ਸਮਝਦਿਆਂ ਲਗਾਈ ਹੈ ਕਿ ਭਾਰਤ ਦਾ ਧਰਮ ਨਿਰਪੱਖ ਢਾਂਚਾ ਖੇਰੂ-ਖੇਰੂ ਹੋ ਰਿਹਾ ਹੈ, ਸੂਬਿਆਂ ਨੂੰ ਮਿਲੇ ਵੱਧ ਅਧਿਕਾਰ ਸ਼ਰ੍ਹੇਆਮ ਖੋਹੇ ਜਾ ਰਹੇ ਹਨ ਅਤੇ ਲੋਕਾਂ ਦੇ ਅੱਖਾਂ 'ਚ ਘੱਟਾ ਪਾਕੇ ਭਾਰਤੀ ਲੋਕਤੰਤਰ ਨੂੰ ਹਾਕਮ ਧਿਰ ਵਲੋਂ ਅਧਮੋਇਆ ਕਰਨ ਦੀ ਸਾਜਿਸ਼ ਰਚੀ ਗਈ ਹੈ।

ਹਾਕਮ ਧਿਰ ਜੇਕਰ ਪੰਜਾਬ ਦੇ ਲੋਕਾਂ ਦੇ ਸੰਘਰਸ਼ ਤੇ ਆਵਾਜ਼ ਆਪਣੇ ਹੱਥ ਕੰਡਿਆਂ ਨਾਲ ਦਬਾਉਣ 'ਚ ਕਾਮਯਾਬ ਹੁੰਦੀ ਹੈ ਤਾਂ ਇਹ ਭਾਰਤੀ ਲੋਕਤੰਤਰ ਦੀ ਮੱਠੀ-ਮੱਠੀ ਮੌਤ ਸਾਬਤ ਹੋਏਗੀ, ਜਿਸਦੇ ਸਿੱਟੇ ਸਿਰਫ਼ ਪੰਜਾਬ ਦੇ ਲੋਕਾਂ ਨੂੰ ਹੀ ਨਹੀਂ, ਸਮੁੱਚੇ ਦੇਸ਼ ਨੂੰ ਭੁਗਤਣੇ ਪੈਣਗੇ।

-ਗੁਰਮੀਤ ਸਿੰਘ ਪਲਾਹੀ
-9815802070

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਖਤਰੇ ਵਿੱਚ ਭਾਰਤ ਦੀ ਧਰਮ-ਨਿਰਪੱਖਤਾ



ਜਤਿੰਦਰ ਪੰਨੂ

ਮੈਨੂੰ ਇਸ ਵੇਲੇ ਨਹੀਂ ਪਤਾ ਕਿ ਬਿਹਾਰ ਕੀ ਨਤੀਜੇ ਪੇਸ਼ ਕਰੇਗਾ, ਪਰ ਉਸ ਰਾਜ ਵਿੱਚ ਹਵਾ ਭਾਜਪਾ ਤੇ ਉਸ ਦੇ ਭਾਈਵਾਲ ਨਿਤੀਸ਼ ਕੁਮਾਰ ਵਾਲੇ ਜਨਤਾ ਦਲ ਯੁਨਾਈਟਿਡ ਦੇ ਪੱਖ ਵਿੱਚ ਬਹੁਤੀ ਨਹੀਂ ਜਾਪਦੀ। ਪਿਛਲੀ ਵਾਰੀ ਨਿਤੀਸ਼ ਕੁਮਾਰ ਨੇ ਲਾਲੂ ਪ੍ਰਸਾਦ ਯਾਦਵ ਨਾਲ ਸਾਂਝ ਪਾ ਲਈ ਸੀ, ਇਸ ਵਾਰੀ ਭਾਜਪਾ ਨਾਲ ਹੈ ਤੇ ਅਗਲੀ ਵਾਰੀ ਉਹ ਕਿਸ ਨਾਲ ਖੜੋਵੇਗਾ, ਇਹੋ ਜਿਹੇ ਚੁਫੇਰਗੜ੍ਹੀਏ ਬੰਦਾ ਦਾ ਕੋਈ ਪਤਾ ਹੀ ਨਹੀਂ। ਇਹ ਆਦਮੀ ਵੀ ਕਿਸੇ ਵਕਤ ਭਾਰਤ ਵਿੱਚ ਧਰਮ ਨਿਰਪੱਖਤਾ ਦਾ ਝੰਡਾ ਬਰਦਾਰ ਬਣਿਆ ਫਿਰਦਾ ਸੀ ਤੇ ਦੇਸ਼ ਦੀ ਮੁੱਖ ਧਾਰਾ ਦੇ ਆਗੂਆਂ ਨੂੰ ਹਰਮਨ ਪਿਆਰਾ ਵੀ ਲੱਗਦਾ ਸੀ, ਕਿਉਂਕਿ ਇਸ ਨੇ ਨਰਿੰਦਰ ਮੋਦੀ ਨਾਲ ਆਢਾ ਲਿਆ ਸੀ। ਮਸਾਂ ਛੇ ਮਹੀਨੇ ਲੰਘੇ ਸਨ ਕਿ ਇਹ ਨਰਿੰਦਰ ਮੋਦੀ ਵੱਲੋਂ ਮਿਲਿਆ ਸੱਦਾ ਮੰਨ ਕੇ ਉਸ ਦੇ ਘਰ ਜਾ ਵੜਿਆ ਅਤੇ ਦਿੱਲੀ ਵਿੱਚ ਕੌਮੀ ਪਾਰਟੀਆਂ ਦੇ ਗੱਠਜੋੜ ਦੇ ਨੇਤਾ ਮੀਟਿੰਗ ਵਿੱਚ ਇਸ ਦੀ ਉਡੀਕ ਕਰਦੇ ਰਹੇ ਸਨ। ਜਦੋਂ ਇਸ ਨੇ ਨਰਿੰਦਰ ਮੋਦੀ ਨਾਲ ਆਢਾ ਲਿਆ ਸੀ, ਓਦੋਂ ਖਾਸ ਵਜ੍ਹਾ ਇਹ ਸੀ ਕਿ ਇਸ ਨੂੰ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਧੜੇ ਦੀ ਚੁੱਕਣਾ ਮਿਲੀ ਸੀ ਕਿ ਮੋਦੀ ਦੇ ਪੈਰ ਨਹੀਂ ਲੱਗਣ ਦੇਣੇ ਤੇ ਫਿਰ ਉਹੀ ਵਾਜਪਾਈ ਧੜਾ ਜਦੋਂ ਮੋਦੀ ਅੱਗੇ ਨੀਵੀਂ ਪਾ ਬੈਠਾ ਤਾਂ ਇਸ ਨੂੰ ਇੱਕਦਮ ਮੋੜਾ ਕੱਟਣਾ ਔਖਾ ਜਾਪਣ ਕਰ ਕੇ ਆਢਾ ਲੈਣਾ ਮਜਬੂਰੀ ਬਣ ਗਿਆ ਸੀ। ਲਾਲੂ ਪ੍ਰਸਾਦ ਅਤੇ ਕਾਂਗਰਸ ਦੀ ਸਾਂਝ ਦੌਰਾਨ ਨਰਿੰਦਰ ਮੋਦੀ ਨਾਲ ਚੋਣ ਆਢਾ ਲੈਣ ਤੋਂ ਪਹਿਲਾਂ ਇਹੋ ਨਿਤੀਸ਼ ਕੁਮਾਰ ਇੱਕ ਵਾਰ ਗੁਜਰਾਤ ਦੇ ਇੱਕ ਸਮਾਗਮ ਵਿੱਚ ਇਹ ਗੱਲ ਕਹਿ ਚੁੱਕਾ ਸੀ ਕਿ ਮੋਦੀ ਵਰਗਾ ਪ੍ਰਸ਼ਾਸਕ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਹੋਣਾ ਚਾਹੀਦਾ ਹੈ। ਬਾਅਦ ਵਿੱਚ ਇਹੋ ਨਿਤੀਸ਼ ਕੁਮਾਰ ਉਸੇ ਮੋਦੀ ਵਿਰੁੱਧ ਬਿਹਾਰ ਦੇ ਲੋਕਾਂ ਤੋਂ ਜੀਨ ਦੇ ਸੈਂਪਲ ਇਕੱਠੇ ਕਰਦਾ ਫਿਰਦਾ ਸੀ, ਤਾਂ ਕਿ ਮੋਦੀ-ਵਿਰੋਧੀ ਵਜੋਂ ਧਾਂਕ ਜਮਾ ਸਕੇ।

ਮਹਾਰਾਸ਼ਟਰ ਵਿੱਚ ਅੱਜ ਮੁੱਖ-ਧਾਰਾ ਦੀਆਂ ਪਾਰਟੀਆਂ ਨੂੰ ਉਧਵ ਠਾਕਰੇ ਚੰਗਾ ਲੱਗਦਾ ਹੈ, ਕਿਉਂਕਿ ਉਹ ਸਵੇਰੇ ਉੱਠ ਕੇ ਰੋਜ਼ ਇੱਕ ਬਿਆਨ ਨਰਿੰਦਰ ਮੋਦੀ ਦੇ ਵਿਰੋਧ ਲਈ ਦਾਗ ਛੱਡਦਾ ਹੈ। ਇਹ ਉਸੇ ਸ਼ਿਵ ਸੈਨਾ ਦਾ ਆਗੂ ਹੈ, ਜਿਸ ਨੇ ਬਾਕੀ ਸਾਰੀਆਂ ਧਿਰਾਂ ਵੱਲੋਂ ਛੇਕੀ ਹੋਈ ਭਾਜਪਾ ਨਾਲ ਅੱਜ ਤੋਂ ਛੱਬੀ ਸਾਲ ਪਹਿਲਾਂ ਸਾਂਝ ਪਾ ਕੇ ਮਹਾਰਾਸ਼ਟਰ ਦੀ ਚੋਣ ਲੜੀ ਤੇ ਸਾਂਝੀ ਸਰਕਾਰ ਬਣਾਈ ਸੀ। ਉਸ ਤੋਂ ਪਹਿਲਾਂ ਭਾਜਪਾ ਦੇ ਉਸ ਰਾਜ ਵਿੱਚ ਪੈਰ ਨਹੀਂ ਸੀ ਲੱਗਦੇ ਤੇ ਉਸ ਸਾਂਝੀ ਸਰਕਾਰ ਨੂੰ ਭਾਜਪਾ ਨੇ ਇਹੋ ਜਿਹਾ ਵਰਤਿਆ ਸੀ ਕਿ ਅੱਜ ਉਹ ਉਸ ਰਾਜ ਦੀ ਸਭ ਤੋਂ ਵੱਡੀ ਪਾਰਟੀ ਹੈ। ਕਰਨ-ਾਟਕ ਦੇ ਹਰਦਨਹੱਲੀ ਡੋਡਾਗੌੜਾ ਦੇਵਗੌੜਾ ਅਤੇ ਉਸ ਦੇ ਪੁੱਤਰ ਕੁਮਾਰਸਵਾਮੀ ਨੂੰ ਵੀ ਧਰਮ ਨਿਰਪੱਖ ਕਿਹਾ ਜਾਂਦਾ ਹੈ, ਪਰ ਉਹ ਕਿਸੇ ਸਮੇਂ ਭਾਜਪਾ ਨਾਲ ਸਾਂਝ ਪਾ ਕੇ ਉਸ ਰਾਜ ਵਿੱਚ ਉਸ ਦੇ ਪੈਰ ਲਵਾਉਣ ਦਾ ਗੁਨਾਹ ਨਹੀਂ ਭੁਲਾ ਸਕਦੇ। ਪਿਛਲੀਆਂ ਚੋਣਾਂ ਵੇਲੇ ਕੁਮਾਰਾਸਵਾਮੀ ਨੇ ਖੁਦ ਹੀ ਕਿਹਾ ਸੀ ਕਿ ਭਾਜਪਾ ਨਾਲ ਸਾਂਝੀ ਸਰਕਾਰ ਬਣਾਉਣਾ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ। ਹਰਿਆਣੇ ਵਿੱਚ ਚੌਧਰੀ ਦੇਵੀ ਲਾਲ ਆਮ ਤੌਰ ਉੱਤੇ ਭਾਜਪਾ ਨੂੰ ਨੇੜੇ ਨਹੀਂ ਸੀ ਲੱਗਣ ਦਿੰਦਾ, ਪਰ ਜਦੋਂ ਇਸ ਘਰ ਦੀ ਚੌਧਰ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੂੰ ਮਿਲੀ ਤਾਂ ਸਿਰਫ ਸਰਕਾਰ ਬਣਾਉਣ ਲਈ ਉਸ ਨੇ ਭਾਜਪਾ ਨਾਲ ਏਦਾਂ ਦੀ ਸਾਂਝ ਪਾਈ ਕਿ ਉਸ ਨੂੰ ਹਰਿਆਣਾ ਦੀ ਸਭ ਤੋਂ ਵੱਡੀ ਪਾਰਟੀ ਬਣਨ ਦਾ ਮੌਕਾ ਦੇ ਦਿੱਤਾ। ਅੱਜ ਭਾਜਪਾ ਮੋਹਰੇ ਖੜੋਂਦੀ ਹੈ ਅਤੇ ਚੌਟਾਲੇ ਦਾ ਪੋਤਰਾ ਉਨ੍ਹਾਂ ਉੱਤੇ ਨਿਰਭਰ ਹੋਇਆ ਵਿਖਾਵੇ ਜੋਗੀ ਡਿਪਟੀ ਚੀਫ ਮਨਿਸਟਰੀ ਨਾਲ ਉਸ ਕਿਸਾਨ ਭਾਈਚਾਰੇ ਦਾ ਸਾਥ ਵੀ ਛੱਡੀ ਬੈਠਾ ਹੈ, ਜਿਸ ਨੇ ਇਸ ਪਰਵਾਰ ਨੂੰ ਚੌਧਰਾਂ ਬਖਸ਼ੀਆਂ ਸਨ। ਭਾਜਪਾ ਦੀ ਮਾਰ ਤੋਂ ਸਾਂਝ ਪਾਉਣ ਦੇ ਬਾਵਜੂਦ ਜੇ ਕੋਈ ਬਚਿਆ ਹੈ ਤਾਂ ਸਿਰਫ ਉੜੀਸਾ ਦਾ ਨਵੀਨ ਪਟਨਾਇਕ ਹੀ ਬਚ ਸਕਿਆ ਹੈ। ਗਵਾਂਢ ਵਿੱਚ ਚੰਦਰ ਬਾਬੂ ਨਾਇਡੂ ਵਰਗੇ ਵੀ ਭਾਜਪਾ ਉੱਤੇ ਲੋੜ ਤੋਂ ਵੱਧ ਨੇੜਤਾ ਅਤੇ ਨਿਰਭਰਤਾ ਦੇ ਕਾਰਨ ਗਲੀ-ਗਲੀ ਇੰਜ ਤੁਰੇ ਫਿਰਦੇ ਹਨ ਕਿ ਕੋਈ ਠਾਹਰ ਵੀ ਨਹੀਂ ਲੱਭਦੀ ਜਾਪਦੀ। ਇਸ ਤੋਂ ਹੋਰਨਾਂ ਨੂੰ ਸਬਕ ਸਿੱਖਣ ਦੀ ਲੋੜ ਹੈ।

ਪੰਜਾਬ ਦੇ ਅਕਾਲੀ ਭਾਈਆਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਚੌਵੀ ਕੁ ਸਾਲ ਪਹਿਲਾਂ ਭਾਜਪਾ ਨਾਲ ਸਾਂਝ ਪਾਈ ਅਤੇ ਉਸ ਦੇ ਬਾਅਦ ਤਿੰਨ ਵਾਰ ਪੰਜਾਬ ਦੀਆਂ ਸਰਕਾਰਾਂ ਦਾ ਨਿੱਘ ਮਾਣਿਆ ਸੀ। ਇਸ ਦੌਰਾਨ ਕੇਂਦਰ ਵਿੱਚ ਵੀ ਵਜ਼ੀਰੀਆਂ ਮਿਲਦੀਆਂ ਰਹੀਆਂ ਅਤੇ ਬਹੁਤ ਖੁਸ਼ ਸਨ, ਪਰ ਇਹ ਗੱਲ ਯਾਦ ਨਹੀਂ ਰੱਖ ਸਕੇ ਕਿ ਭਾਜਪਾ ਲੀਡਰਸ਼ਿਪ ਵਕਤ ਦੀ ਉਡੀਕ ਵਿੱਚ ਹੈ, ਜਦੋਂ ਉਹ ਵਕਤ ਆ ਗਿਆ, ਅਕਾਲੀਆਂ ਨੂੰ ਵੀ ਔਕਾਤ ਵਿਖਾ ਦੇਵੇਗੀ। ਕਿਸਾਨ ਸੰਘਰਸ਼ ਦੇ ਦੌਰ ਵਿੱਚ ਅਕਾਲੀ ਲੀਡਰਸ਼ਿਪ ਨੇ ਇੱਕ ਹੱਦ ਤੱਕ ਔਖੇ ਹੋ ਕੇ ਵੀ ਸਾਂਝ ਨਿਭਾਈ ਜਾਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਇਹ ਗੱਲ ਪਤਾ ਲੱਗੀ ਕਿ ਭਾਜਪਾ ਦੀ ਸਾਂਝ ਕਾਰਨ ਪੰਜਾਬ ਵਿੱਚੋਂ ਜੜ੍ਹਾਂ ਉੱਖੜ ਜਾਣ ਦਾ ਡਰ ਹੈ, ਉਨ੍ਹਾਂ ਨੇ ਕੂਹਣੀ ਮੋੜ ਕੱਟ ਕੇ ਆਪਣੇ ਆਪ ਨੂੰ ਬਚਾਉਣ ਦੇ ਹੀਲੇ ਸ਼ੁਰੂ ਕਰ ਦਿੱਤੇ। ਇਸ ਵੇਲੇ ਅਕਾਲੀ ਦਲ ਵਲੋਂ ਕਿਸਾਨਾਂ ਦੇ ਸੰਘਰਸ਼ ਦੌਰਾਨ ਜਿਹੜੀ ਸਰਗਰਮੀ ਕੀਤੀ ਜਾ ਰਹੀ ਹੈ, ਉਹ ਅਸਲ ਵਿੱਚ ਕਿਸਾਨਾਂ ਲਈ ਨਹੀਂ, ਭਾਜਪਾ ਨਾਲ ਆਪਣੀ ਸਾਂਝ ਵੇਲੇ ਦੀਆਂ ਭੁੱਲਾਂ ਉੱਤੇ ਪੋਚਾ ਮਾਰਨ ਲਈ ਕੀਤੀ ਜਾ ਰਹੀ ਹੈ, ਪਰ ਅੰਦਰੋਂ ਇਹ ਝਾਕ ਅਜੇ ਤੱਕ ਵੀ ਹੈ ਕਿ ਕੱਲ੍ਹ ਨੂੰ ਅਸੈਂਬਲੀ ਚੋਣਾਂ ਵਿੱਚ ਗੱਠਜੋੜ ਬਣਾ ਕੇ ਰਾਜ-ਭਾਗ ਮਾਣਨ ਦਾ ਰਾਹ ਨਿਕਲ ਆਵੇ ਤਾਂ ਬੁਰਾ ਨਹੀਂ ਹੋਵੇਗਾ।

ਫਿਰ ਵੀ ਜਿਹੜੀ ਸੱਟ ਭਾਜਪਾ ਨਾਲ ਸਾਂਝ ਕਾਰਨ ਉੱਤਰ ਪ੍ਰਦੇਸ਼ ਵਿਚਲੀ ਰਾਜਨੀਤੀ ਨੂੰ ਪਈ ਹੈ, ਉਹ ਸਾਰਿਆਂ ਤੋਂ ਵੱਖਰੀ ਹੈ। ਰਾਮ ਮੰਦਰ ਦੀ ਮੁਹਿੰਮ ਚੱਲਣ ਤੱਕ ਭਾਜਪਾ ਓਥੇ ਕਿਸੇ ਗਿਣਤੀ ਵਿੱਚ ਨਹੀਂ ਸੀ ਹੁੰਦੀ। ਪਹਿਲਾਂ ਜਨਤਾ ਦਲ ਵੱਲੋਂ ਤੇ ਫਿਰ ਸਮਾਜਵਾਦੀ ਪਾਰਟੀ ਬਣਾ ਕੇ ਮੁਲ-ਾਇਮ ਸਿੰਘ ਦੀ ਚੋਖੀ ਭੱਲ ਦਿਖਾਈ ਦੇਂਦੀ ਸੀ। ਸਾਲ 1991 ਵਿੱਚ ਭਾਜਪਾ ਨੇ ਪਹਿਲੀ ਵਾਰੀ ਆਪਣੇ ਸਿਰ ਦੋ ਸੌ ਇੱਕੀ ਸੀਟਾਂ ਜਿੱਤੀਆਂ ਅਤੇ ਸਰਕਾਰ ਬਣਾਈ ਸੀ, ਪਰ ਬਾਬਰੀ ਮਸਜਿਦ ਢਾਹੁਣ ਕਾਰਨ ਉਹ ਸਰਕਾਰ ਜਦੋਂ ਉਸੇ ਸਾਲ ਡਿੱਗ ਪਈ ਤਾਂ ਅਗਲੀ ਵਾਰੀ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਦੇ ਗੱਠਜੋੜ ਨੇ ਉਸ ਨੂੰ ਖੂੰਜੇ ਲਾ ਦਿੱਤਾ ਸੀ। ਉਨ੍ਹਾਂ ਦੋਵਾਂ ਦੀਆਂ ਮਿਲਾ ਕੇ ਇੱਕ ਸੌ ਛਿਆਸੀ ਸੀਟਾਂ ਸਨ ਤੇ ਉਨ੍ਹਾਂ ਦੀ ਸਰਕਾਰ ਨੂੰ ਬਾਹਰੋਂ ਕਾਂਗਰਸ ਅਤੇ ਕਮਿਊਨਿਸਟਾਂ ਨੇ ਵੀ ਹਮਾਇਤ ਦਿੱਤੀ ਸੀ, ਪਰ ਮੁੱਖ ਮੰਤਰੀ ਬਣਨ ਦੀ ਤੀਬਰ ਤਾਂਘ ਕਾਰਨ ਬੀਬੀ ਮਾਇਆਵਤੀ ਨੇ ਹਸਪਤਾਲ ਬੈਠੇ ਬਾਬੂ ਕਾਂਸ਼ੀ ਰਾਮ ਨੂੰ ਵੀ ਨਹੀਂ ਸੀ ਪੁੱਛਿਆ ਤੇ ਮੁਲਾਇਮ ਸਿੰਘ ਦਾ ਸਾਥ ਛੱਡ ਕੇ ਭਾਜਪਾ ਦੀ ਮਦਦ ਨਾਲ ਸਰਕਾਰ ਬਣਾ ਲਈ ਸੀ। ਸਾਢੇ ਚਾਰ ਮਹੀਨਿਆਂ ਬਾਅਦ ਉਹ ਸਰਕਾਰ ਦੋਵਾਂ ਧਿਰਾਂ ਦਾ ਸੁਭਾਅ ਨਾ ਮਿਲਣ ਕਾਰਨ ਟੁੱਟ ਗਈ, ਪਰ ਇਸ ਨੇ ਖੂੰਜੇ ਲੱਗੀ ਭਾਜਪਾ ਨੂੰ ਮੁੜ ਕੇ ਉੱਠਣ ਦਾ ਮੌਕਾ ਦੇ ਦਿੱਤਾ ਤੇ ਅਗਲੀਆਂ ਚੋਣਾਂ ਵਿੱਚ ਭਾਜਪਾ ਪੌਣੇ ਦੋ ਸੌ ਸੀਟਾਂ ਲੈ ਗਈ। ਬੀਬੀ ਮਾਇਆਵਤੀ ਨੂੰ ਓਦੋਂ ਵੀ ਰਾਜ ਦੀ ਇੱਛਾ ਨੇ ਏਨਾ ਸਤਾਇਆ ਕਿ ਭਾਜਪਾ ਨਾਲ ਛੇ-ਛੇ ਮਹੀਨੇ ਰਾਜ ਕਰਨ ਦਾ ਸੌਦਾ ਮਾਰ ਕੇ ਕੁਰਸੀ ਮੱਲ ਲਈ, ਪਰ ਉਸ ਦੇ ਬਾਅਦ ਫਿਰ ਗੱਦੀ ਤੋਂ ਝਗੜਾ ਪੈ ਗਿਆ ਤੇ ਭਾਜਪਾ ਵਾਲਿਆਂ ਨੇ ਵਿਧਾਨ ਸਭਾ ਦੇ ਅੰਦਰ ਬਹੁਜਨ ਸਮਾਜ ਪਾਰਟੀ ਦੇ ਵਿਧਾਇਕਾਂ ਅਤੇ ਆਗੂਆਂ ਨੂੰ ਏਨਾ ਕੁੱਟਿਆ ਸੀ ਕਿ ਸਾਰੀ ਦੁਨੀਆ ਵਿੱਚ ਇਹੋ ਚਰਚਾ ਹੁੰਦੀ ਰਹੀ ਸੀ। ਘੱਟ ਮੁਲਾਇਮ ਸਿੰਘ ਨੇ ਵੀ ਨਹੀਂ ਕੀਤੀ। ਉਸ ਨੇ ਮਾਇਆਵਤੀ ਦੇ ਖਿਲਾਫ ਵੀ ਉੱਧੜਧੁੰਮੀ ਚੁੱਕ ਰੱਖੀ ਸੀ ਤੇ ਜਿਨ੍ਹਾਂ ਕਮਿਊਨਿਸਟਾਂ ਤੋਂ ਸਰਕਾਰ ਬਣਾਉਣ ਵਾਸਤੇ ਮਦਦ ਲਈ ਸੀ, ਉਨ੍ਹਾਂ ਦੇ ਦਫਤਰ ਵਿੱਚ ਚੱਲਦੀ ਬੈਠਕ ਵਿੱਚੋਂ ਉਨ੍ਹਾਂ ਦੇ ਸੱਤ ਵਿਧਾਇਕ ਵੀ ਚੁੱਕਾ ਲਿਆਂਦੇ ਸਨ। ਉਸ ਪਿੱਛੋਂ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਪਛੜਦੀਆਂ ਗਈਆਂ ਅਤੇ ਭਾਜਪਾ ਦਾ ਦਬਦਬਾ ਕਾਇਮ ਹੁੰਦਾ ਗਿਆ, ਪਰ ਦੋਵੇਂ ਧਿਰਾਂ ਅਜੇ ਵੀ ਅਕਲ ਨਹੀਂ ਕਰਦੀਆਂ। ਬੀਤੇ ਦਿਨੀਂ ਉੱਤਰ ਪ੍ਰਦੇਸ਼ ਤੋਂ ਜਦੋਂ ਰਾਜ ਸਭਾ ਦੀਆਂ ਕੁਝ ਸੀਟਾਂ ਦੀ ਚੋਣ ਹੋਣੀ ਸੀ, ਇੱਕ ਸੀਟ ਬਦਲੇ ਬਹੁਜਨ ਸਮਾਜ ਪਾਰਟੀ ਤੇ ਸਮਾਜਵਾਦੀ ਪਾਰਟੀ ਨੇ ਇੱਕ ਦੂਸਰੇ ਦੇ ਬੰਦੇ ਭੰਨਣ ਦਾ ਕੰਮ ਸ਼ੁਰੂ ਕਰ ਲਿਆ। ਉਸ ਸੀਟ ਦੀ ਚੋਣ ਤਾਂ ਆਪਣੇ ਥਾਂ ਹੋਵੇਗੀ, ਇਸ ਚੋਣ ਤੋਂ ਕੁੜੱਤਣ ਏਨੀ ਵਧੀ ਹੈ ਕਿ ਬਹੁਜਨ ਸਮਾਜ ਪਾਰਟੀ ਨੇ ਸਮਾਜਵਾਦੀ ਪਾਰਟੀ ਦੇ ਖਿਲਾਫ ਭਾਰਤੀ ਜਨਤਾ ਪਾਰਟੀ ਦਾ ਸਾਥ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ। ਇਹੋ ਗੱਲ ਤਾਂ ਭਾਜਪਾ ਚਾਹੁੰਦੀ ਸੀ, ਜਿਹੜੀ ਦੋਵਾਂ ਦੀ ਲੜਾਈ ਵਿੱਚੋਂ ਆਰਾਮ ਨਾਲ ਹੋ ਗਈ ਹੈ।

ਅਸੀਂ ਇਹ ਲੰਮੀ ਲੜੀ ਇਸ ਲਈ ਪੇਸ਼ ਕੀਤੀ ਹੈ ਕਿ ਅੱਜ ਜਦੋਂ ਧਰਮ ਨਿਰਪੱਖਤਾ ਦੀ ਹਰ ਮਾੜੀ-ਮੋਟੀ ਧਿਰ ਦੇ ਆਗੂ ਭਾਜਪਾ ਦੇ ਖਿਲਾਫ ਬੋਲਦੇ ਸੁਣੇ ਜਾ ਰਹੇ ਹਨ, ਉਹ ਇਹ ਗੱਲ ਨਹੀਂ ਸੋਚਦੇ ਕਿ ਭਾਜਪਾ ਦੀ ਚੜ੍ਹਤ ਲਈ ਉਨ੍ਹਾਂ ਦੀ ਆਪਣੀ ਭੂਮਿਕਾ ਕਿੱਦਾਂ ਦੀ ਰਹੀ ਹੈ? ਕੁਰਸੀਆਂ ਪਿੱਛੇ ਲਾਰ ਸੁੱਟਣ ਵਾਲੇ ਇਨ੍ਹਾਂ ਧਰਮ ਨਿਰਪੱਖ ਆਗੂਆਂ ਨੇ ਕਦੇ ਵੀ ਲਗਾਤਾਰ ਧਰਮ ਨਿਰਪੱਖ ਪੈਂਤੜਾ ਨਹੀਂ ਲਿਆ। ਜਿਸ ਪਾਸੇ ਤੋਂ ਕੁਰਸੀ ਦੀ ਝਾਕ ਦਿੱਸ ਜਾਂਦੀ ਰਹੀ, ਉਹ ਉਸੇ ਪਾਸੇ ਵੱਲ ਉਡਾਰੀਆਂ ਲਾ ਲੈਂਦੇ ਰਹੇ ਤੇ ਖੁਦ ਹੀ ਭਾਜਪਾ ਦੀ ਚੜ੍ਹਤ ਦੇ ਹਾਲਾਤ ਪੈਦਾ ਕਰਨ ਦੇ ਬਾਅਦ ਅੱਜਕੱਲ੍ਹ ਸਵੇਰੇ-ਸ਼ਾਮ ਇਹ ਰੋਣਾ ਰੋਈ ਜਾਂਦੇ ਹਨ ਕਿ ਦੇਸ਼ ਦੀ ਧਰਮ ਨਿਰਪੱਖਤਾ ਨੂੰ ਢਾਹ ਲੱਗਦੀ ਪਈ ਹੈ। ਸਿਆਣੇ ਕਿਹਾ ਕਰਦੇ ਸਨ ਕਿ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹੀਦਾ, ਪਰ ਭਾਰਤੀ ਰਾਜਨੀਤੀ ਦੇ ਧਰਮ ਨਿਰਪੱਖਤਾ ਦੀਆਂ ਕੂਕਾਂ ਮਾਰਨ ਵਾਲੇ ਧਨੰਤਰ ਅੱਜ ਵੀ ਧਰਮ ਨਿਰਪੱਖਤਾ ਤੋਂ ਪਾਰਟੀ ਵੱਡੀ ਤੇ ਪਾਰਟੀ ਤੋਂ ਕੁਰਸੀ ਵੱਡੀ ਕਰਦਿਆਂ ਆਖਰ ਨੂੰ ਦੇਸ਼ ਦੇ ਹਿੱਤਾਂ ਤੋਂ ਆਪਣੇ ਹਿੱਤਾਂ ਨੂੰ ਅੱਗੇ ਰੱਖ ਬੈਠੇ ਹਨ। ਇਨ੍ਹਾਂ ਹਾਲਾਤ ਵਿੱਚ ਧਰਮ ਨਿਰਪੱਖਤਾ ਦਾ ਸਿਰਫ ਨਾਅਰਾ ਹੀ ਲੱਗੀ ਜਾਂਦਾ ਹੈ, ਉਹ ਬਹੁਤਾ ਚਿਰ ਰਹਿਣ ਵਾਲੀ ਨਹੀਂ। ਪਾਕਿਸਤਾਨ ਦੇ ਫੌਜੀ ਰਾਜ ਵਾਲੇ ਦਿਨਾਂ ਵਿੱਚ ਇੱਕ ਕਾਮੇਡੀ ਸ਼ੋਅ ਵਿੱਚ ਇੱਕ ਪ੍ਰੋਫੈਸਰ ਨੇ ਇੱਕ ਵਿਦਿਆਰਥੀ ਨੂੰ 'ਸਟੈਚੂ ਆਫ ਲਿਬਰਟੀ' ਪੁੱਛਿਆ ਸੀ। ਵਿਦਿਆਰਥੀ ਉੱਠ ਕੇ ਕਹਿਣ ਲੱਗਾ: "ਇਹ ਅਮਰੀਕਾ ਵਿੱਚ ਲੱਗਾ ਹੋਇਆ ਬੁੱਤ ਹੈ, ਜਿਸ ਦੀ ਛਾਂਵੇਂ ਖੜੋ ਕੇ ਪਾਕਿ-ਸਤਾਨ ਵਾਲੇ ਲੋਕ ਹਉਕੇ ਭਰ-ਭਰ ਕੇ ਕਹਿੰਦੇ ਹਨ: 'ਲਿਬਰਟੀ, ਲਿਬਰਟੀ, ਲਿਬਰਟੀ' ਅਤੇ ਜਦੋਂ ਥੱਕ ਜਾਂਦੇ ਹਨ ਤਾਂ ਆਪਣੇ ਦੇਸ਼ ਆਣ ਵੜਦੇ ਹਨ।" ਜੇ ਭਾਰਤ ਵਿੱਚ ਵੀ ਅੱਜ ਵਾਲੇ ਹਾਲਾਤ ਹੀ ਰਹਿਣੇ ਹਨ ਤਾਂ ਇੱਕ ਦਿਨ ਇਸ ਦੇਸ਼ ਵਿੱਚ ਵੀ ਧਰਮ ਨਿਰਪੱਖਤਾ ਦੀ ਹੋਂਦ ਲਿਬਰਟੀ ਦੇ ਸਟੈਚੂ ਵਰਗੀ ਬਣ ਕੇ ਰਹਿ ਜਾਵੇਗੀ ਅਤੇ ਲੋਕ ਥੋੜ੍ਹਾ ਜਿਹਾ ਵਿਹਲ ਕੱਢ ਕੇ ਹਫਤੇ ਦੇ ਇੱਕ ਦਿਨ ਧਰਮ ਨਿਰਪੱਖਤਾ ਦੇ ਹਉਕੇ ਭਰ ਕੇ ਆਪਣੇ ਮਨ ਦਾ ਭਾਰ ਹੌਲਾ ਕਰ ਲਿਆ ਕਰਨਗੇ।

# ਅਮਰੀਕਾ ਦੇ ਮਹਾਨ ਲੋਕਤੰਤਰ ਦੀ ਹਕੀਕਤ

**-ਯੋਗੇਂਦਰ ਯਾਦਵ-**

ਚਾਰ ਨਵੰਬਰ ਦੀ ਸਵੇਰ ਨੂੰ ਅਮਰੀਕਾ ਦੀਆਂ ਚੋਣਾਂ ਦੇ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਦੁਨੀਆ ਦੇ ਸਭ ਤੋਂ ਮਹਾਨ ਲੋਕਤੰਤਰ ਦੀ ਸਿਹਤ ਨੂੰ ਲੈ ਕੇ ਫਿਕਰ ਵਿੱਚ ਡੁੱਬੀ ਲੋਕਰਾਜੀ ਦੁਨੀਆ ਟਿਕਟਿਕੀ ਲਾ ਕੇ ਦੇਖਣ ਲੱਗੀ। ਇਸ ਦੇ ਨਾਲ ਹੀ ਦੁਨੀਆ ਦੇ ਨਵੇਂ ਸੱਤਾ ਕੇਂਦਰ ਨਾਲ ਰਿਸ਼ਤਾ ਜੋੜਨ ਦੀ ਕਵਾਇਦ ਸ਼ੁਰੂ ਹੋ ਗਈ ਹੋਵੇਗੀ।

ਕੁਝ ਪਲ ਲਈ ਅਮਰੀਕੀ ਚੋਣਾਂ ਤੋਂ ਧਿਆਨ ਹਟਾ ਕੇ ਅਜਿਹੇ ਦੇਸ਼ ਬਾਰੇ ਸੋਚੋ, ਕਲਪਨਾ ਕਰੋ ਜਿੱਥੇ ਰਾਸ਼ਟਰਪਤੀ ਅਤੇ ਕਾਂਗਰਸ (ਪਾਰਲੀਮੈਂਟ) ਵਿਚਾਲੇ ਲਗਾਤਾਰ ਝਗੜਾ ਚੱਲ ਰਿਹਾ ਹੈ, ਜਿੱਥੇ ਇੱਕ ਬਦ-ਜ਼ੁਬਾਨ ਤੇ ਬਦਤਮੀਜ਼ ਧਨਾਢ ਰਾਸ਼ਟਰਪਤੀ ਬਣ ਕੇ ਬੈਠਾ ਹੈ, ਜਿੱਥੇ ਕਾਂਗਰਸ ਮੈਂਬਰ ਪੈਸੇ ਲੈ ਕੇ ਕਾਂਗਰਸ ਵਿੱਚ ਸਵਾਲ ਪੁੱਛਦੇ ਹਨ, ਜਿੱਥੇ ਹਥਿਆਰਾਂ ਦੇ ਸੌਦਾਗਰ ਚੋਣਾਂ ਵਿੱਚ ਪੈਸਾ ਲਾਉਂਦੇ ਹਨ, ਜਿੱਥੇ ਘੱਟ-ਗਿਣਤੀਆਂ ਖਿਲਾਫ ਖੁੱਲ੍ਹੇਆਮ ਹਿੰਸਾ ਹੁੰਦੀ ਹੈ, ਜਿੱਥੇ ਜਨਤਕ ਜੀਵਨ ਵਿੱਚ ਆਉਣ ਵਾਲੀ ਹਰ ਔਰਤ ਉੱਤੇ ਚਿੱਕੜ ਉਛਾਲਿਆ ਜਾਂਦਾ ਹੈ, ਜਿੱਥੇ ਸੁਪਰੀਮ ਕੋਰਟ ਦਾ ਹਰ ਜੱਜ ਕਿਸੇ ਨਾ ਕਿਸੇ ਪਾਰਟੀ ਨਾਲ ਬੱਝਾ ਹੈ, ਜਿੱਥੇ ਚੋਣਾਂ ਵਿੱਚ ਗਰੀਬਾਂ ਦੇ ਹਿੱਸੇ ਲੈਣ ਤੇ ਰੋਕਾਂ ਲੱਗੀਆਂ ਹੋਣ ਅਤੇ ਵੋਟਾਂ ਦੀ ਗਿਣਤੀ ਦੀ ਕੋਈ ਤੈਅਸ਼ੁਦਾ ਪ੍ਰਕਿਰਿਆ ਨਹੀਂ ਹੈ। ਉਸ ਮੁਲਕ ਨੂੰ ਤੁਸੀਂ ਲੋਕਤੰਤਰ ਆਖਣਾ ਚਾਹੋਗੇ?

ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਤਸਵੀਰ ਸਾਬਕਾ ਸੋਵੀਅਤ ਯੂਨੀਅਨ ਵਿੱਚੋਂ ਨਿਕਲੇ ਹੋਏ ਜਾਂ ਕਿਸੇ ਅਫਰੀਕੀ ਗਣਤੰਤਰ ਦੀ ਹੋਵੇਗੀ। ਜੀ ਨਹੀਂ, ਇਹ ਦੁਨੀਆ ਦੇ ਸਭ ਤੋਂ ਮਹਾਨ ਲੋਕਤੰਤਰ ਅਮਰੀਕਾ ਦੀ ਤਸਵੀਰ ਹੈ। ਪੱਛਮੀ ਲੋਕਤੰਤਰ ਨੂੰ ਅਸੀਂ ਇੰਝ ਮੰਤਰਮੁਗਧ ਹੋ ਕੇ ਦੇਖਣ ਦੇ ਆਦੀ ਹੋ ਚੁੱਕੇ ਹਾਂ ਕਿ ਕਾਬੁਲ ਵਿੱਚ ਗਧੇ ਦੇਖਣਾ ਭੁੱਲ ਜਾਂਦੇ ਹਾਂ। ਪੇਸ਼ ਹਨ ਅਮਰੀਕਾ ਦੇ ਲੋਕਤੰਤਰ ਦੇ ਉਹ ਦਸ ਤੱਥ, ਜੋ ਸਾਨੂੰ ਯਾਦ ਰੱਖਣੇ ਚਾਹੀਦੇ ਹਨ। ਕੀ ਤੁਸੀਂ ਜਾਣਦੇ ਹੋ ਕਿ :

1) ਅਮਰੀਕਾ ਵਿੱਚ ਚੋਣ ਕਮਿਸ਼ਨ ਵਰਗਾ ਕੋਈ ਅਦਾਰਾ ਨਹੀਂ। ਕੌਣ ਵੋਟ ਦੇ ਸਕਦਾ ਹੈ, ਕੌਣ ਨਹੀਂ, ਵੋਟ ਕਿਵੇਂ ਪਾਈ ਜਾਵੇਗੀ, ਗਿਣਤੀ ਕਦੋਂ ਹੋਵੇਗੀ, ਇਸ ਲਈ ਸਾਰੇ ਪੰਜਾਹ ਰਾਜਾਂ ਦੇ ਵੱਖੋ ਵੱਖਰੇ ਨਿਯਮ ਹਨ। ਟੀ ਵੀ ਚੈਨਲ ਤਾਂ ਭਾਵੇਂ ਗੈਰ-ਰਸਮੀ ਤੌਰ ਉਤੇ ਅੱਜ ਹੀ ਚੋਣ ਨਤੀਜੇ ਐਲਾਨ ਦੇਣ, ਪਰ ਵੋਟਾਂ ਦੀ ਬਾਕਾਇਦਾ ਗਿਣਤੀ ਪੂਰੀ ਹੋਣ ਵਿੱਚ ਮਹੀਨਾ ਲੱਗ ਸਕਦਾ ਹੈ ਤੇ ਜੇ ਮਾਮਲਾ ਕਚਹਿਰੀ ਵਿੱਚ ਚਲਿਆ ਗਿਆ ਤਾਂ ਇਸ ਤੋਂ ਵੱਧ ਸਮਾਂ ਵੀ ਲੱਗ ਸਕਦਾ ਹੈ।

2) ਅਮਰੀਕਾ ਦੇ ਕਰੀਬ ਇੱਕ ਚੌਥਾਈ ਨਾਗਰਿਕਾਂ ਦਾ ਨਾਮ ਹੀ ਵੋਟਰ ਸੂਚੀ ਵਿੱਚ ਨਹੀਂ ਹੁੰਦਾ। ਉਥੇ ਨਾਗਰਿਕਾਂ ਦਾ ਨਾਂਅ ਵੋਟਰ ਸੂਚੀ ਵਿੱਚ ਲਿਖਾਉਣਾ, ਸਰਕਾਰ ਦੀ ਨਹੀਂ, ਖੁਦ ਨਾਗਰਿਕਾਂ ਦੀ ਜ਼ਿੰਮੇਵਾਰੀ ਹੈ। ਇਸ ਕਾਰਨ ਕਰੀਬ ਪੰਜ ਕਰੋੜ ਨਾਗਰਿਕ ਚੋਣਾਂ ਵਿੱਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ। ਜ਼ਾਹਿਰ ਹੈ ਕਿ ਇਨ੍ਹਾਂ ਮਹਿਰੂਮ ਨਾਗਰਿਕਾਂ ਵਿੱਚ ਬਹੁਤੀ ਤਦਾਦ ਗਰੀਬਾਂ ਅਤੇ ਕਾਲਿਆਂ ਦੀ ਹੁੰਦੀ ਹੈ।

3) ਚੋਣਾਂ ਵਿੱਚ ਖਰਚ ਦੀ ਕੋਈ ਕਾਨੂੰਨੀ ਹੱਦ ਨਹੀਂ ਹੁੰਦੀ। ਐਤਕੀਂ ਵਾਲੀਆਂ ਚੋਣਾਂ ਵਿੱਚ ਸਿਰਫ ਰਾਸ਼ਟਰਪਤੀ ਦੇ ਅਹੁਦੇ ਲਈ ਦੋਵੇਂ ਉਮੀਦਵਾਰਾਂ ਨੇ ਕੁੱਲ ਮਿਲਾ ਕੇ 11 ਹਜ਼ਾਰ ਕਰੋੜ ਰੁਪਏ ਤੋਂ ਵੱਧ ਖਰਚ ਕੀਤਾ। ਚੋਣਾਂ ਲਈ ਚਿੰਦਾ ਮੁੱਖ ਤੌਰ 'ਤੇ ਹਥਿਆਰ ਬਣਾਉਣ ਵਾਲੀਆਂ, ਦਵਾ ਅਤੇ ਤੇਲ ਕੰਪਨੀਆਂ ਤੋਂ ਮਿਲਦਾ ਹੈ। ਚੋਣਾਂ ਤੋਂ ਬਾਅਦ ਇਹ ਕੰਪਨੀਆਂ ਜੇਤੂ ਉਮੀਦਵਾਰ ਕੋਲੋਂ ਖੁੱਲ੍ਹ ਕੇ ਲਾਹਾ ਲੈਂਦੀਆਂ ਹਨ।

4) ਚੁਣੇ ਹੋਏ ਪਾਰਲੀਮੈਂਟ ਮੈਂਬਰ ਖੁੱਲ੍ਹ ਕੇ ਕੰਪਨੀਆਂ, ਉਨ੍ਹਾਂ ਦੇ ਦਲਾਲਾਂ, ਦਬਾਅ ਸਮੂਹਾਂ ਅਤੇ ਵਿਦੇਸ਼ੀ ਸਰਕਾਰਾਂ ਦੇ ਏਜੰਟਾਂ ਕੋਲੋਂ ਵੀ ਪੈਸੇ ਲੈਂਦੇ ਹਨ ਅਤੇ ਬਦਲੇ ਵਿੱਚ ਕਾਂਗਰਸ ਵਿੱਚ ਸਵਾਲ ਪੁੱਛਦੇ ਹਨ ਅਤੇ ਵੋਟਾਂ ਪਾਉਂਦੇ ਹਨ। ਉਥੇ ਇਸ ਨੂੰ ਭ੍ਰਿਸ਼ਟਾਚਾਰ ਨਹੀਂ, ਸਗੋਂ 'ਲੌਬੀਇੰਗ' ਕਹਿੰਦੇ ਹਨ।

5) ਰਾਸ਼ਟਰਪਤੀ ਅਤੇ ਕਾਂਗਰਸ (ਸੈਨੇਟ ਤੇ ਨੁਮਾਇੰਦਾ ਸਦਨ) ਵਿਚਕਾਰ ਕਸ਼ਮਕਸ਼ ਲਗਾਤਾਰ ਚਲਦੀ ਰਹਿੰਦੀ ਹੈ। ਬਜਟ ਪਾਸ ਕਰਵਾਉਣ ਲਈ ਰਾਸ਼ਟਰਪਤੀ ਨੂੰ ਕਾਂਗਰਸ ਨਾਲ ਅਤੇ ਕਾਨੂੰਨ ਉਤੇ ਮੋਹਰ ਲਗਵਾਉਣ ਲਈ ਕਾਂਗਰਸ ਨੂੰ ਰਾਸ਼ਟਰਪਤੀ ਨਾਲ ਤੋਲ-ਮੋਲ ਕਰਨਾ ਪੈਂਦਾ ਹੈ। ਇਹ ਕਿਸੇ ਰਾਸ਼ਟਰਪਤੀ ਦੇ ਜ਼ਾਤੀ ਕਿਰਦਾਰ ਦਾ ਮਾਮਲਾ ਨਹੀਂ ਹੈ ਸਗੋਂ ਅਮਰੀਕਾ ਦੀ ਸੰਸਥਾਈ ਬਣਤਰ ਦਾ ਸਿੱਟਾ ਹੈ।

6) ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਖੁੱਲ੍ਹਮ-ਖੁੱਲ੍ਹਾ ਪਾਰਟੀ ਦੀ ਪੱਖ-ਪੂਰਤੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਜੱਜਾਂ ਦੀ ਰਿਪਬਲੀਕਨ ਜੱਜ ਜਾਂ ਡੈਮੋਕ੍ਰੇਟ ਜੱਜ ਦੇ ਰੂਪ ਵਿੱਚ ਗਿਣਤੀ ਹੁੰਦੀ ਹੈ। ਚੋਣਾਂ ਹੋਣ ਤੋਂ ਦੋ ਮਹੀਨੇ ਪਹਿਲਾਂ ਰਾਸ਼ਟਰਪਤੀ ਟਰੰਪ ਨੇ ਸੁਪਰੀਮ ਕੋਰਟ ਵਿੱਚ ਇੱਕ ਰਿਪਬਲੀਕਨ ਜੱਜ ਦੀ ਨਿਯੁਕਤੀ ਕਰ ਕੇ ਕੋਰਟ ਵਿੱਚ ਸੰਤੁਲਨ ਕਈ ਸਾਲਾਂ ਲਈ ਆਪਣੇ ਹੱਕ ਵਿੱਚ ਕਰ ਲਿਆ ਹੈ।

7) ਪਾਰਟੀਆਂ ਖਾਲੀ ਲਿਫਾਫਿਆਂ ਵਾਂਗ ਹਨ, ਜਿਨ੍ਹਾਂ ਵਿੱਚ ਕੋਈ ਵੀ ਮਨ ਮਰਜ਼ੀ ਦਾ ਕਾਗਜ਼ ਪਾਇਆ ਜਾ ਸਕਦਾ ਹੈ। ਪਾਰਟੀਆਂ ਦੀ ਨਾ ਕੋਈ ਵਿਚਾਰਧਾਰਾ ਹੈ ਤੇ ਨਾ ਜ਼ਮੀਨੀ ਪੱਧਰ ਤੇ ਮਜ਼ਬੂਤ ਸੰਗਠਨ। ਰਿਪਬਲੀਕਨ ਅਤੇ ਡੈਮੋਕ੍ਰੇਟਿਕ ਪਾਰਟੀ ਦੋਵੇਂ ਮਿਲ ਕੇ ਇਹ ਯਕੀਨੀ ਕਰਦੀਆਂ ਹਨ ਕਿ ਕੋਈ ਤੀਜੀ ਪਾਰਟੀ ਦਾਖਲ ਨਾ ਹੋ ਸਕੇ। ਦੋਵੇਂ ਮਿਲ ਕੇ ਆਪੋ ਆਪਣੀਆਂ ਸੰਸਥਾਵਾਂ ਵਿੱਚ ਸਰਕਾਰੀ ਫੰਡਾਂ ਦੀ ਬਾਂਦਰ ਵੰਡ ਕਰ ਲੈਂਦੀਆਂ ਹਨ।

8) ਕਾਲੇ ਰੰਗ ਵਾਲੇ ਲੋਕਾਂ ਨਾਲ ਅਜੇ ਵੀ ਗੁਲਾਮਾਂ ਵਰਗਾ ਸਲੂਕ ਕੀਤਾ ਜਾਂਦਾ ਹੈ। ਇਹ ਸੜਕਾਂ 'ਤੇ ਸ਼ਰੇਆਮ ਕੁੱਟ ਖਾਂਦੇ ਹਨ, ਬਿਨਾਂ ਵਜ੍ਹਾ ਪੁਲਸ ਦੇ ਡੰਡੇ ਅਤੇ ਗੋਲੀਆਂ ਖਾਂਦੇ ਹਨ ਅਤੇ ਸਿੱਖਿਆ, ਰੁਜ਼ਗਾਰ, ਮਕਾਨ ਤੇ ਸਿਹਤ ਬੀਮੇ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹਿੰਦੇ ਹਨ।

9) ਯੂਨਾਈਟਿਡ ਸਟੇਟਸ ਆਫ ਅਮਰੀਕਾ ਨੂੰ ਬਣਿਆਂ 250 ਸਾਲ ਹੋ ਗਏ ਹਨ, ਪਰ ਅੱਜ ਤੱਕ ਇੱਕ ਵੀ ਔਰਤ ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਨਹੀਂ ਬਣ ਸਕੀ। ਜਦੋਂ ਕੋਈ ਔਰਤ ਚੋਣ ਮੈਦਾਨ ਵਿੱਚ ਉਤਰਦੀ ਹੈ ਤਾਂ ਉਸ ਨੂੰ ਕਿਰਦਾਰ-ਕੁਸ਼ੀ ਤੋਂ ਲੈ ਕੇ ਮਰਦ-ਸੱਤਾ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

10) ਜੇ ਬਰਾਕ ਓਬਾਮਾ ਜਿਹੀ ਗੈਰ ਮਾਮੂਲੀ ਸ਼ਖਸੀਅਤ ਨੂੰ ਛੱਡ ਦਿੱਤਾ ਜਾਵੇ ਤਾਂ ਆਮ ਤੌਰ 'ਤੇ ਔਸਤ ਬੁੱਧੀ ਤੇ ਸ਼ੱਕੀ ਕਿਰਦਾਰ ਵਾਲੇ ਬੰਦੇ ਹੀ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚਦੇ ਹਨ। ਵਾਸ਼ਿੰਗਟਨ ਪੋਸਟ ਮੁਤਾਬਕ ਰਾਸ਼ਟਰਪਤੀ ਟਰੰਪ ਆਪਣੇ ਕਾਰਜਕਾਲ ਵਿੱਚ ਵੀਹ ਹਜ਼ਾਰ ਝੂਠ ਬੋਲ ਚੁੱਕੇ ਹਨ। ਉਹ ਖੁੱਲ੍ਹ ਕੇ ਨਸਲੀ ਨਫਰਤ ਅਤੇ ਹਿੰਸਾ ਦੀ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਉਨ੍ਹਾਂ ਖਿਲਾਫ ਟੈਕਸ ਚੋਰੀ ਅਤੇ ਵਿਭਚਾਰ ਦੇ ਗੰਭੀਰ ਦੋਸ਼ ਲੱਗੇ ਹਨ। ਸਵਾਲ ਇਹ ਹੈ ਕਿ ਇਹੋ ਜਿਹਾ ਬੰਦਾ ਦੁਨੀਆ ਦੇ ਇਸ ਮਹਾਨ ਲੋਕਤੰਤਰ ਦਾ ਰਾਸ਼ਟਰਪਤੀ ਕਿਵੇਂ ਬਣ ਗਿਆ?


ਕੀ ਤੁਸੀਂ ਇਸ ਨੂੰ ਦੁਨੀਆ ਦਾ ਸਭ ਤੋਂ ਮਹਾਨ ਲੋਕਤੰਤਰ ਆਖੋਗੇ? ਸ਼ਾਇਦ ਅਜਿਹੇ ਹੀ ਕਿਸੇ ਮੌਕੇ 'ਤੇ ਕਦੇ ਮਿਰਜ਼ਾ ਗ਼ਾਲਿਬ ਨੇ ਕਿਹਾ ਸੀ :

ਹਮ ਕੋ ਮਾਲੂਮ ਹੈ ਜੰਨਤ ਕੀ ਹਕੀਕਤ ਲੇਕਿਨ,
ਦਿਲ ਕੇ ਖੁਸ਼ ਰਖਨੇ ਕੋ 'ਗ਼ਾਲਿਬ' ਯੇ ਖ਼ਯਾਲ ਅੱਛਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

**।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**


# ਮਿੰਨੀ ਕਹਾਣੀਆਂ

## ਪਾਣੀ ਦੀ ਕਦਰ

-ਜਸਵੀਰ ਸ਼ਰਮਾ-

"ਨੀ ਰਾਣੀ, ਇੱਕ ਪਾਣੀ ਦੀ ਜੱਗ ਦੇਵੀਂ, ਸਾਡੇ ਘਰ ਅੱਜ ਪਾਣੀ ਜ਼ਿਆਦਾ ਗਰਮੀ ਕਰ ਕੇ ਮੁੱਕ ਗਿਐ।" ਗਵਾਂਢ ਵਿੱਚ ਵਸਦੀ ਸੀਤੋ ਨੇ ਕੰਧ ਉੱਤੋਂ ਦੀ ਰਾਣੀ ਨੂੰ ਆਵਾਜ਼ ਦਿੱਤੀ। "ਲੈ ਸੀਤੋ ਭੈਣੇ, ਅਸੀਂ ਤਾਂ ਹਾਲੇ ਤੱਕ ਆਰ ਓ ਤੋਂ ਪਾਣੀ ਲਿਆਂਦਾ ਹੀ ਨਹੀਂ, ਪਤਾ ਲੱਗੈ ਕਿ ਆਰ ਓ ਕੱਲ੍ਹ ਦਾ ਖਰਾਬ ਪਿਐ। ਸਾਡੇ ਘਰ ਮਸਾਂ ਅੱਧਾ ਕੁ ਕੈਂਪਰ ਪਾਣੀ ਪਿਆ ਹੈ ਤੇ ਸਾਰੀ ਦਿਹਾੜੀ ਹਾਲੇ ਉੱਤੇ ਆ। ਉੱਤੋਂ ਲੋਹੜੇ ਦੀ ਗਰਮੀ। ਮੈਨੂੰ ਲੱਗਦੈ ਸਾਨੂੰ ਵੀ ਅੱਜ ਹੋਰ ਮਹਿੰਗਾ ਪਾਣੀ ਬਾਜ਼ਾਰੋਂ ਲਿਆਉਣਾ ਪੈਣੈ।" ਪਿਆਰਾ ਜਿਹਾ ਜਵਾਬ ਦਿੰਦਿਆਂ ਰਾਣੀ ਨੇ ਸੀਤੋ ਨੂੰ ਕਿਹਾ ਅਤੇ ਮੂੰਹ ਵਿੱਚ ਹੀ ਬੁੜਬੜਾਈ ਵੀ ਕਿ "ਮੁੱਲ ਦਾ ਪਾਣੀ ਏ, ਆਂਢ ਗੁਆਂਢ ਨੂੰ ਵੀ ਭੋਰਾ ਸ਼ਰਮ ਨੀਂ ਆਉਂਦੀ ਪਾਣੀ ਮੰਗਦਿਆਂ।"

ਮੂੰਹ ਦੀ ਬੁੜਬੁੜਾਹਟ ਨੇੜੇ ਬੈਠੀ ਨੱਬੇ ਸਾਲ ਦੀ ਰਾਣੀ ਦੀ ਸੱਸ ਪ੍ਰਸਿੰਨੀ ਨੇ ਵੀ ਸੁਣ ਲਈ ਸੀ, ਜੋ ਮਨ ਹੀ ਮਨ ਸੋਚ ਰਹੀ ਸੀ ਅਤੇ ਆਪਣੇ ਜੀਵਨ ਦੇ ਪੁਰਾਣੇ ਸਮਿਆਂ ਨੂੰ ਯਾਦ ਕਰ ਕੇ ਝੁਰ ਰਹੀ ਸੀ ਕਿ ਕਿੱਥੇ ਉਹ ਸਮਾਂ ਜਦੋਂ ਰਾਹੀ, ਪਾਂਧੀ ਲਈ ਵੀ ਘੜੇ ਭਰ-ਭਰ ਕੇ ਰੱਖੇ ਜਾਂਦੇ ਸਨ ਤੇ ਕੜਕਦੀ ਗਰਮੀ ਵਿੱਚ ਲੋਕ ਪਿਆਊ ਵੀ ਲਾਉਂਦੇ ਸਨ ਤੇ ਹੁਣ ਪਾਣੀ ਮੁੱਲ ਮਿਲਦੈ? ਵਾਹਿਗੁਰੂ-ਵਾਹਿਗੁਰੂ ਜੀ, ਕੀ ਸਮੇਂ ਆ ਗਏ ਸਨ।

## ਕੋਰੋਨਾ ਵਿੱਚ ਆਜ਼ਾਦੀ

-ਸੁਖਦੀਪ ਸਿੰਘ ਗਿੱਲ-

ਕੋਰੋਨਾ ਕਰ ਕੇ ਸਕੂਲ ਬੰਦ ਸਨ, ਪਰ ਵਿਭਾਗ ਵੱਲੋਂ ਕਰਵਾਈ ਜਾ ਰਹੀ ਆਨਲਾਈਨ ਪੜ੍ਹਾਈ ਵਿੱਚ ਅਧਿਆਪਕਾਂ ਨੇ ਆਪਣੀ ਪੂਰੀ ਵਾਹ ਲਾ ਰੱਖੀ ਸੀ। ਅਧਿਆਪਕਾਂ ਨੂੰ ਵੱਖ-ਵੱਖ ਪੱਧਰਾਂ 'ਤੇ ਵੱਖ-ਵੱਖ ਸਮੇਂ ਸਨਮਾਨਤ ਕੀਤਾ ਜਾ ਰਿਹਾ ਸੀ। ਫਿਰ ਅਧਿਆਪਕ ਦਿਵਸ ਆ ਗਿਆ। ਇਸ ਮੌਕੇ 'ਤੇ ਵਿਸ਼ੇਸ਼ ਸਨਮਾਨਤ ਅਧਿਆਪਕਾਂ ਦੀ ਲਿਸਟ ਆ ਗਈ ਸੀ। ਸਨਮਾਨ ਸਮਾਰੋਹ ਆਨਲਾਈਨ ਸੀ, ਪਰ ਕੁਝ ਅਧਿਆਪਕਾਂ ਨੂੰ ਰਸਮੀ ਤੌਰ 'ਤੇ ਬੁਲਾਇਆ ਗਿਆ ਸੀ।

ਸਨਮਾਨਤ ਹੋਣ ਵਾਲਿਆਂ ਵਿੱਚ ਅਧਿਆਪਕਾਂ ਦੀ ਗਿਣਤੀ ਪਿਛਲੇ ਸਾਲ ਤੋਂ ਕਿਤੇ ਜ਼ਿਆਦਾ ਸੀ। ਇਸ ਲਿਸਟ ਨੂੰ ਵੇਖ ਕੇ ਇੱਕ ਪੱਤਰਕਾਰ ਨੇ ਇੱਕ ਅਧਿਆਪਕ ਤੋਂ ਇਸ ਦਾ ਕਾਰਨ ਪੁੱਛਿਆ। ਇਸ ਦੇ ਉਤਰ ਵਿੱਚ ਉਸ ਨੇ ਕਿਹਾ ਕਿ ਕੋਰੋਨਾ ਕਾਲ ਦੀ ਆਨਲਾਈਨ ਪੜ੍ਹਾਈ ਦੌਰਾਨ ਹਰ ਅਧਿਆਪਕ ਨੂੰ ਖੁੱਲ੍ਹ ਕੇ ਆਪਣੀ ਪ੍ਰਤਿਭਾ ਵਿਖਾਉਣ ਦੀ, ਆਪਣੀ ਸੋਚ ਅਨੁਸਾਰ ਕੰਮ ਕਰਨ ਦੀ, ਵੱਧ ਤੋਂ ਵੱਧ ਮਿਹਨਤ ਕਰਨ ਦੀ, ਆਪਣੇ ਵਿਦਿਆਰਥੀਆਂ ਤੱਕ ਅੱਪੜਨ ਦੀ, ਆਪਣੇ ਵਿਦਿਆਰਥੀਆਂ ਨੂੰ ਅੱਗੇ ਲਿਜਾਣ ਦੀ ਅਤੇ ਉਨ੍ਹਾਂ ਦੀ ਪ੍ਰਤਿਭਾ ਨਿਖਾਰਨ ਦੀ ਆਜ਼ਾਦੀ ਮਿਲੀ ਹੈ।



## ਪਾਕਿ ਸਰਕਾਰ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਸਾਰਾ ਪ੍ਰਬੰਧ ਆਪਣੇ ਹੱਥ ਲਿਆ




ਜਲੰਧਰ, 5 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਕਰਤਾਰਪੁਰ ਸਾਹਿਬ ਵਿੱਚ ਇਤਿਹਾ-ਸਕ ਗੁਰਦੁਆਰਾ ਦਰਬਾਰ ਸਾਹਿਬ ਦਾ ਕੰਟਰੋਲ ਅਧਿਕਾਰਕ ਤੌਰ ’ਤੇ ਆਪਣੇ ਹੱਥ ਲੈ ਲਿਆ ਹੈ, ਜੋ ਅਜੇ ਤੱਕ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਹੁੰਦਾ ਸੀ।ਇਹ ਕੰਟਰੋਲ ਇੱਕ ਮੁਸਲਿਮ ਬਾਡੀ ‘ਪ੍ਰੋਜੈਕਟ ਬਿਜ਼ਨਸ ਪਲਾਨ’ ਨੂੰ ਦੇ ਦਿੱਤਾ ਗਿਆ ਹੈ। ਸਿੱਧੇ ਰੂਪ ਵਿੱਚ ਪਾਕਿਸਤਾਨ ਸਰਕਾਰ ਨੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਵਪਾਰਕ ਪੱਖੋਂ ਲੈ ਲਿਆ ਹੈ।

ਪਾਕਿਸਤਾਨ ਸਰਕਾਰ ਪਾਕਿਸਤਾਨ ਤੋਂ ਗੁਰਦੁਆਰਾ ਦਰਬਾਰ ਸਾਹਿਬ ਵਿੱਚ ਆਉਣ ਵਾਲੇ ਸ਼ਰਧਾਲੂਆਂ ਤੋਂ ਪ੍ਰਤੀ ਵਿਅਕਤੀ 200 ਪਾਕਿਸਤਾਨੀ ਰੁਪਏ ਅਤੇ ਭਾਰਤ ਤੋਂ ਆਉਂਦੇ ਸ਼ਰਧਾਲੂਆਂ ਤੋਂ ਵੀਹ ਡਾਲਰ ਫੀਸ ਲੈਂਦੀ ਹੈ। ਇਮ-ਰਾਨ ਖਾਨ ਸਰਕਾਰ ਨੇ ਇਸ ਨਵੇਂ ਪ੍ਰਬੰਧ ਦੇ ਲਈ ਪਾਕਿਸਤਾਨ ਮੰਤਰੀ ਮੰਡਲ ਦੀ 23 ਅਕਤੂਬਰ ਨੂੰ ਹੋਈ ਬੈਠਕ ਵਿੱਚ ਲਏ ਫੈਸਲੇ ਦਾ ਹਵਾਲਾ ਦਿੱਤਾ ਹੈ। ਸਰਕਾਰ ਨੇ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਕੇ ਕਰਤਾਰਪੁਰ ਗਲਿਆਰੇ ਰਾਹੀਂ ਭਾਰਤ ਨਾਲ ਸਿੱਧੇ ਜੁੜੇ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਕੋਰੋਨਾ ਮਹਾਂਮਾਰੀ ਪਿੱਛੋਂ ਅਕਤੂਬਰ ਦੇ ਪਹਿਲੇ ਹਫਤੇ ਖੋਲ੍ਹਣ ਦਾ ਐਲਾਨ ਕੀਤਾ ਸੀ। ਪਾਕਿ ਸਰਕਾਰ ਇਸ ਅਸਥਾਨਤੋਂ ਟੈਕਸ ਵਜੋਂ ਹਰ ਸਾਲ 555 ਕਰੋੜ (ਪਾਕਿਸਤਾਨੀ) ਰੁਪਏ ਅਤੇ ਭਾਰਤੀ ਕਰੰਸੀ ਦੇ ਰੂਪ ਵਿੱਚ 259 ਕਰੋੜ ਰੁਪਏ ਦੀ ਆਮਦਨ ਦੇਖ ਰਹੀ ਸੀ। ਇਸ ਤੋਂ ਪਹਿਲਾਂ ਪਾਕਿਸਤਾਨ ਸਰਕਾਰ ਨੇ ਜੋ ਕਰਤਾਰਪੁਰ ਗਲਿਆਰੇ ਅਤੇ ਗੁਰਦੁਆਰਾ ਸਾਹਿਬ ’ਤੇ ਰਾਸ਼ੀ ਖਰਚ ਕੀਤੀ ਸੀ, ਉਸ ਬਾਰੇ ਉਥੋਂ ਦੀ ਸਰਕਾਰ ’ਤੇ ਪ੍ਰਸ਼ਨ ਉਠ ਰਹੇ ਸਨ। ਸਰਕਾਰ ਦੇ ਨਵੇਂ ਫੈਸਲੇ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਵਪਾਰਕ ਰੂਪ ਵਿੱਚ ਲਿਆ ਜਾ ਰਿਹਾ ਹੈ। ਇਤਿਹਾਸਕ ਸਥਾਨ ਨੂੰ ਇਸ ਰੂਪ ਵਿੱਚ ਤਬਦੀਲ ਕਰਨ ਨੂੰ ਲੈ ਕੇ ਤਿੱਖੀ ਪ੍ਰਤੀਕਿਰਿਆ ਉਠਣ ਲੱਗੀ ਹੈ।

## ਕਾਮਰੇਡ ਬਲਵਿੰਦਰ ਸਿੰਘ ਦੀ ਹੱਤਿਆ ਗੈਂਗਸਟਰਾਂ ਨੇ ਕੀਤੀ ਸੀ: ਡੀ ਆਈ ਜੀ ਮਾਨ

ਤਰਨ ਤਾਰਨ, 5 ਨਵੰਬਰ (ਪੋਸਟ ਬਿਊਰੋ)- ਸ਼ੌਰਿਆ ਚੱਕਰ ਵਾਲੇ ਕਾਮਰੇਡ ਬਲਵਿੰਦਰ ਸਿੰਘ ਦੀ ਹੱਤਿਆ ਗੈਂਗਸਟਰਾਂ ਨੇ ਕਰਵਾਈ ਸੀ ਅਤੇ ਹਤਿਆਰੇ ਪੈਸੇ ਲੈ ਕੇ ਅਪਰਾਧ ਕਰਨ ਵਾਲੇ ਲੋਕ ਸਨ। ਇਸ ਸਾਜ਼ਿਸ਼ ਵਿੱਚ ਸ਼ਾਮਲ 11 ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਦਾਅਵਾ ਪੁਲਸ ਨੇ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਹਤਿਆਰੇ ਤੇ ਸਾਜ਼ਿਸ਼ਕਾਰ ਹਾਲੇ ਵੀ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਇਸ ਹੱਤਿਆ ਪਿੱਛੇ ਕਾਰਨ ਕੀ ਸੀ, ਇਹ ਪੁਲਸ ਨਹੀਂ ਦੱਸ ਸਕੀ। ਪੁਲਸ ਨੇ ਇਸ ਹੱਤਿਆ ਪਿੱਛੇ ਅੱਤਵਾਦੀ ਕੁਨੈਕਸ਼ਨ ਹੋਣ ਤੋਂ ਵੀ ਇਨਕਾਰ ਕੀਤਾ ਹੈ।

ਡੀ ਆਈ ਜੀ ਫਿਰੋਜ਼ਪੁਰ ਰੇਂਜ ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ 16 ਅਕਤੂਬਰ ਦੀ ਸਵੇਰਕਰੀਬ ਸੱਤ ਵਜੇ ਦੋ ਨਕਾਬਪੋਸ਼ ਨੌਜਵਾਨਾਂ ਨੇ ਕਾਮਰੇਡ ਦੇ ਘਰ ਵਿੱਚ ਦਾਖਲ ਹੋ ਕੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਪੜਤਾਲ ਤੋਂ ਪਤਾ ਲੱਗਾ ਸੀ ਕਿ ਹਤਿਆਰੇ ਲੁਧਿਆਣੇ ਦੇ ਸਲੇਮ ਟਾਬਰੀ ਇਲਾਕੇ ਵਿੱਚ ਲੁਕੇ ਹਨ। 24 ਅਕਤੂਬਰ ਨੂੰ ਪੁਲਸ ਉਥੋਂ ਤੱਕ ਪੁੱਜ ਗਈ, ਪਰ ਉਹ ਹੱਥ ਨਾ ਆਏ, ਪਰ ਉਨ੍ਹਾਂ ਦੀ



ਪਛਾਣ ਕਰ ਲਈ ਗਈ।ਇਸ ਦੌਰਾਨ ਇਹ ਵੀ ਪਤਾ ਲੱਗਾ ਕਿ ਹੱਤਿਆ ਸੁੱਖ ਭਿਖਾਰੀਵਾਲ ਉਰਫ ਸੁਖਮੀਤਪਾਲ ਸਿੰਘ ਦੇ ਕਹੇ ਸੁਖਰਾਜ ਸਿੰਘ ਸੁੱਖਾ ਪਿੰਡ ਲਖਨਪਾਲ (ਗੁਰਦਾਸਪੁਰ) ਤੇ ਰਵਿੰਦਰ ਗਿਆਨਾ ਵਾਸੀ ਖਰਲ (ਗੁਰਦਾਸਪੁਰ) ਦੇ ਤਾਲਮੇਲ ਨਾਲ ਸੁਖਦੀਪ ਸਿੰਘ ਬੂਰਾ ਵਾਸੀ ਖਰਲ ਅਤੇ ਗੁਰਜੀਤ ਸਿੰਘ ਉਰਫ ਭਾਅ ਵਾਸੀ ਲਖਨਪਾਲ ਨਾਂਅ ਦੇ ਦੋ ਸ਼ੂਟਰਾਂ ਨੇ ਕੀਤੀ ਸੀ। ਇਹ ਦੋਵੇਂ ਕੁਝ ਸਮਾਂ ਪਹਿਲਾਂ ਗਿਆਨੇ ਅਤੇ ਸੁੱਖੇ ਨਾਲ ਜੇਲ੍ਹ ਵਿੱਚ ਰਹੇ ਸਨ ਤੇ ਜ਼ਮਾਨਤ ’ਤੇ ਆਏ ਸਨ। ਸੁੱਖ ਭਿਖਾਰੀਵਾਲ ਨੇ ਦੋਵਾਂ ਨੂੰ ਪੈਸੇ ਦੇਣ ਦਾ ਵਾਅਦਾ ਕਰ ਕੇ ਕਾਮਰੇਡ ਦੀ ਹੱਤਿਆ ਦੀ ਸਾਜ਼ਿਸ ਰਚ ਦਿੱਤੀ ਸੀ।

ਕਾਮਰੇਡ ਦੀ ਹੱਤਿਆਤੋਂ ਪਹਿਲਾਂ ਇੱਕ ਮਹੀਨੇ ਤੱਕ ਬੂਰਾ ਤੇ ਭਾਅ ਲੁਧਿਆਣੇ ਦੇ ਸਲੇਮ ਟਾਬਰੀ ਇਲਾਕੇ ਵਿੱਚ ਰਹੇ ਸਨ। ਡੀ ਆਈ ਜੀ ਨੇ ਦੱਸਿਆ ਕਿ ਦੋਵਾਂ ਨੂੰ ਰਵਿੰਦਰ ਰਵੀ ਨੇ ਫਾਇਰਿੰਗ ਦੀ ਪ੍ਰੈਕਟਿਸ ਵੀ ਕਰਵਾਈ। ਸੁਖਰਾਜ ਸਿੰਘ ਸੁੱਖਾ ਨੇ ਸੁੱਖ ਭਿਖਾਰੀਵਾਲ ਦੇ ਕਹਿਣ ’ਤੇ ਆਕਾਸ਼ਦੀਪ ਅਰੋੜਾ ਵਾਸੀ ਲੁਧਿਆਣਾ ਰਾਹੀਂ ਬੂਰਾ ਤੇ ਭਾਅ ਦੇ ਰਹਿਣ ਦਾ ਪ੍ਰਬੰਧ ਸਲੇਮ ਟਾਬਰੀ ਇਲਾਕੇ ਵਿੱਚ ਕਰਵਾਇਆ ਸੀ। ਅਕਾਸ਼ਦੀਪ ਵੀ ਕਤਲ ਦੇ ਇੱਕ ਕੇਸ ਵਿੱਚ ਮੁਲਜ਼ਮ ਹੈ, ਜੋ ਸੁਖਰਾਜ ਸਿੰਘ ਨਾਲ ਜੇਲ੍ਹ ਵਿੱਚ ਰਿਹਾ ਸੀ। ਸੁੱਖਾ ਧਾਲੀਵਾਲ ਨੇ ਹੀ ਸੁੱਖ ਭਿਖਾਰੀਵਾਲ ਵੱਲੋਂ ਭੇਜੇ ਪੈਸੇ ਬੂਰਾ ਅਤੇ ਭਾਅ ਤੱਕ ਪਹੁੰਚਾਏ ਸਨ।






## ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੂੰ ਹੋਰ ਦੋ ਸਾਲ ਲੱਗ ਸਕਦੇ ਨੇ



ਚੰਡੀਗੜ, 5 ਨਵੰਬਰ (ਪੋਸਟ ਬਿਊਰੋ)- ਪੰਜਾਬ, ਹਰਿਆਣਾ, ਹਿਮ-ਾਚਲ ਅਤੇ ਯੂ ਟੀ ਚੰਡੀਗੜ੍ਹ ’ਤੇ ਆਧਾਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਦੀ ਸ਼ੁਰੂਆਤ ਲਈ ਅਜੇ ਕੁਝ ਵੀ ਸ਼ੁਰੂਨਹੀਂ ਹੋਇਆ, ਕਿਉਂਕਿ ਭਾਰਤ ਸਰਕਾਰ ਵੱਲੋਂ ਨਿਯੁਕਤ ਕੀਤੇ ਮੁੱਖ ਚੋਣ ਕਮਿਸ਼ਨਰ ਜਸਟਿਸ ਸੁਰਿੰਦਰ ਸਿੰਘ ਸਾਰੋਂ ਨੇ ਅਹੁਦਾ ਨਹੀਂ ਸੰਭਾਲਿਆ, ਜਿਸ ਦਾ ਕਾਰਨ ਇਹ ਦਸਿਆ ਹੈ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਅਜੇ ਨਾ ਦਫਤਰ ਅਤੇ ਨਾ ਸਟਾਫ ਦਿੱਤਾ ਹੈ।

ਇਸ ਬਾਰੇ ਸਿੱਖ ਮਾਮਲਿਆਂ ਦੇ ਇੱਕ ਕਾਨੂੰਨੀ ਮਾਹਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੇ ਇਹ ਵਿਚਾਰ ਕਾਨੂੰਨੀ ਕਾਰਵਾਈ ਤੇ ਤੱਥਾਂ ’ਤੇ ਆਧਾਰਤ ਨਹੀਂ ਕਿ ਅਗਲੇ ਸਾਲ ਜੂਨ ਮਹੀਨੇ ਤੱਕ ਮਿੰਨੀ ਸਿੱਖ ਪਾਰਲੀਮੈਂਟ ਦੀਆਂ 11 ਸਾਲ ਤੋਂ ਲਮਕਦੀਆਂ ਆਮ ਚੋਣਾਂ ਹੋ ਜਾਣਗੀਆਂ। ਇਸ ਸਿੱਖ ਕਾਨੂੰਨਦਾਨ ਦਾ ਕਹਿਣਾ ਸੀ ਕਿ ਪਹਿਲਾਂ ਤਾਂ ਸੰਬੰਧਤ ਰਾਜਾਂ ਵਿੱਚ ਸਿੱਖਾਂ ਦੇ ਘਰ-ਘਰ ਜਾ ਕੇ ਪੂਰਨ ਗੁਰਸਿੱਖਾਂ ਦੀਆਂ ਵੋਟਾਂ ਬਣਾਉਣੀਆਂ ਪੈਣਗੀਆਂ, ਫਿਰ ਉਨ੍ਹਾਂ ਦੀ ਜਾਂਚ ਕਰਾਉਣੀਅਤੇ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਵੋਟਰ ਸੂਚੀਆਂ ਸੌਂਪਣੀਆਂ ਪੈਣਗੀਆਂ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟਿੰਗ ਲਈ ਸਿੱਖ ਗੁਰਦੁਆਰਾ ਐਕਟ ਦੇ ਅਨੁਸਾਰ ਹਰ 21 ਸਾਲ ਦਾ ਪੂਰਨ ਗੁਰਸਿੱਖ ਨੌਜਵਾਨ ਤੇ ਬੀਬੀ ਦੀ ਵੋਟ ਬਣ ਸਕਦੀ ਹੈ।

ਇਸ ਪ੍ਰਕਿਰਿਆ ਲਈ ਸਭ ਤੋਂ ਪਹਿਲਾਂ ਜਸਟਿਸ ਸਾਰੋਂ ਨੂੰ ਅਹੁਦਾ ਸੰਭਾਲ ਕੇ ਸਰਗਰਮ ਕੀਤਾ ਜਾਵੇ ਅਤੇ ਚਾਰਾਂ ਰਾਜ ਸਰਕਾਰਾਂ ਕੰਮ ਸ਼ੁਰੂ ਕਰਨ। ਸ਼੍ਰੋਮਣੀ ਕਮੇਟੀ ਦੇ ਮੌਜੂਦਾ 170 ਹਲਕਿਆਂ ਦਾ ਪੁਨਰਗਠਨ ਕਰਨਾ ਵੀ ਪੈ ਸਕਦਾ ਹੈ, ਕਿਉਂਕਿਇਨ੍ਹਾਂ ਨੂੰ ਬਣਿਆਂ ਕਈ ਸਾਲ ਹੋ ਗਏ ਹਨ। ਵਿਸ਼ੇਸ਼ ਤੌਰ ’ਤੇ ਇਸ ਬਾਰੇ ਜਸਟਿਸ ਸਾਰੋਂ ਚੁੱਪ ਹਨ, ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਇਹ ਨੀਤੀਗਤ ਮਾਮਲਾ ਹੈ, ਜਿਸ ਦਾ ਫੈਸਲਾ ਸਰਕਾਰ ਕਰ ਸਕਦੀ ਹੈ, ਗੁਰਦੁਆਰਾ ਚੋਣ ਕਮਿਸ਼ਨ ਦੇ ਅਧਿਕਾਰ ਤੋਂ ਬਾਹਰ ਹੈ। ਫਿਰ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਬਾਰੇ ਕਾਨੂੰਨੀ ਅਤੇ ਸੰਵਿਧਾਨਕ ਕੇਸ ਸੁਪਰੀਮ ਕੋਰਟ ਵਿੱਚ ਕਈ ਸਾਲਾਂ ਤੋਂ ਬਕਾਇਆ ਹਨ, ਜਿਸ ਬਾਰੇ ਮੌਜੂਦਾ ਭਾਰਤ ਸਰਕਾਰ ਜਾਣੂ ਹੈ।

## ਜਾਅਲੀ ਕਰੰਸੀ ਛਾਪਣ ਵਾਲੇ ਗਿਰੋਹ ਦੇ ਛੇ ਮੈਂਬਰ ਗ੍ਰਿਫਤਾਰ

ਪਟਿਆਲਾ, 5 ਨਵੰਬਰ (ਪੋਸਟ ਬਿਊਰੋ)- ਸਥਾਨਕ ਪੁਲਸ ਨੇ ਜਾਅਲੀ ਕਰੰਸੀ ਛਾਪਣ ਵਾਲੇ ਇੱਕ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ।

ਜ਼ਿਲ੍ਹੇ ਦੇ ਸੀਨੀਅਰ ਪੁਲਸ ਕਪਤਾਨ ਵਿਕਰਮਜੀਤ ਦੁੱਗਲ ਨੇ ਦੱਸਿਆ ਕਿ ਪੁਲਸ ਨੇ ਇਸ ਕੇਸ ਵਿੱਚ ਛੇ ਜਣਿਆਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਪੰਜ ਲੱਖ ਸੰਤਾਲੀ ਹਜ਼ਾਰ ਚਾਰ ਸੌ ਰੁਪਏ ਦੇ ਜਾਅਲੀ ਨੋਟ ਅਤੇ ਇਨ੍ਹਾਂ ਨੂੰ ਤਿਆਰ ਕਰਨ ਵਾਲਾ ਸਾਜੋ-ਸਾਮਾਨ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਗਿਰੋਹ ’ਚ ਸਤਨਾਮ ਸਿੰਘ, ਗੁਰਦੀਪ ਸਿੰਘ, ਤਰਸੇਮ ਲਾਲ, ਗੁਰਜੀਤ ਸਿੰਘ, ਯਸ਼ਪਾਲ, ਅਮਿਤ ਕੁਮਾਰ ਅਤੇ ਇਸ਼ਾਕ ਸ਼ਾਮਲ ਹਨ। ਇਨ੍ਹਾਂ ਵਿਰੁੱਧ ਥਾਣਾ ਸਦਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ।ਇਨ੍ਹਾਂ ਵਿੱਚੋਂ ਸਤਨਾਮ ਸਿੰਘ, ਗੁਰਦੀਪ ਸਿੰਘ, ਗੁਰਜੀਤ ਸਿੰਘ, ਯਸ਼ਪਾਲ, ਅਮਿਤ ਕੁਮਾਰ ਅਮਨ ਅਤੇ ਇਸ਼ਾਕ ਭੂਰਾ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਕੋਲੋਂ ਜਾਅਲੀ ਕਰੰਸੀ ਦੇ 2,93,000 ਰੁਪਏ ਅਤੇ 2,16,000 ਰੁਪਏ ਇੱਕ ਪਾਸੇ ਛਪੇ ਹੋਏ, 38,400 ਰੁਪਏ ਦੋਵੇਂ ਪਾਸੇ ਛਪੇ ਨੋਟ ਕੁੱਲ ਰਕਮ 5,47,400 ਰੁਪਏ, ਕੰਪਿਊਟਰ, ਸੀ ਪੀ ਯੂ, ਮਾਊਸ, ਕੀ-ਬੋਰਡ, ਯੂ ਪੀ ਐਸ, ਤਿੰਨ ਪ੍ਰਿੰਟਰ ਅਤੇ ਲੈਮੀਨੇਟਰ ਬਰਾਮਦ ਕਰਵਾਏ ਗਏ ਹਨ।ਪੁਲਸ ਨੂੰ ਸੂਚਨਾ ਮਿਲੀ ਸੀ ਕਿ ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਪ੍ਰੋਫੈਸਰ ਇਨਕਲੇਵ ਦੇ ਮਕਾਨ ਨੰਬਰ ਇੱਕ, ਪਿੰਡ ਨਸੀਰਪੁਰ ਵਿਖੇ ਉਕਤ ਮੁਲਜ਼ਮ ਭੋਲੇ-ਭਾਲੇ ਲੋਕਾਂ ਨੂੰ ਲਾਲਚ ਵਿੱਚ ਫਸਾ ਕੇ ਉਨ੍ਹਾਂ ਨੂੰ ਜਾਅਲੀ ਕਰੰਸੀ ਵੇਚਣ ਦੀ ਤਾਕ ਵਿੱਚ ਰਹਿੰਦੇ ਹਨ। ਇਸ ’ਤੇ ਪਟਿਆਲਾ ਪੁਲਸ ਨੇ ਸਹਾਇਕ ਥਾਣੇਦਾਰ ਨਰਿੰਦਰ ਸਿੰਘ ਨੂੰ 2000 ਰੁਪਏ ਦਾ ਨੋਟ ਦੇ ਕੇ ਆਮ ਕੱਪੜੇ ਪੁਆ ਕੇ ਗਾਹਕ ਬਣਾ ਕੇ ਉਕਤ ਟਿਕਾਣੇ ’ਤੇ ਭੇਜਿਆ। ਦੋਸ਼ੀ ਗੁਰਦੀਪ ਸਿੰਘ ਨੇ ਨੰਬਰੀ ਨੋਟ ਅਸਲ ਕਰੰਸੀ 2000 ਰੁਪਏ ਲੈ ਕੇ ਚਾਰ ਹਜ਼ਾਰ ਰੁਪਏ ਦੇ ਜਾਅਲੀ ਕਰੰਸੀ ਨੋਟ ਸਹਾਇਕ ਥਾਣੇਦਾਰ ਨਰਿੰਦਰ ਸਿੰਘ ਨੂੰ ਦੇ ਦਿੱਤੇ।ਇਸ ਮਗਰੋਂ ਪੁਲਸ ਨੇ ਉਕਤ ਮਕਾਨ ’ਤੇ ਛਾਪੇਮਾਰੀ ਕੀਤੀ, ਜਿੱਥੇ ਗੁਰਦੀਪ ਸਿੰਘ ਕੰਪਿਊਟਰ ਅਤੇ ਜਾਅਲੀ ਕਰੰਸੀ ਛਾਪ ਕੇ ਪ੍ਰਿੰਟਰ ਰਾਹੀਂ ਕੱਢ ਕੇ ਗੁਰਜੀਤ ਸਿੰਘ ਜੀਤੀ ਨੂੰ ਦੇਂਦਾ ਸੀ, ਸਤਨਾਮ ਸਿੰਘ ਰਿੰਕੂ ਕਟਰ ਨਾਲ ਨੋਟਾਂ ਦੀ ਕਟਿੰਗ ਕਰਦਾ ਸੀ, ਯਸ਼ਪਾਲ, ਅਮਿਤ ਕੁਮਾਰ ਅਮਨ ਅਤੇ ਇਸ਼ਾਕ ਭੂਰਾ ਲੌਬੀ ਵਿੱਚ ਬੈਠੇ ਜਾਅਲੀ ਕਰੰਸੀ ਦੇ ਨੋਟਾਂ ਦੀ ਗਿਣਤੀ ਕਰ ਰਹੇ ਸਨ। ਇਨ੍ਹਾਂ ਨੂੰ ਮੌਕੇ ’ਤੇ ਕਾਬੂ ਕਰ ਲਿਆ ਗਿਆ, ਜਦੋਂ ਕਿ ਉਨ੍ਹਾਂ ਦਾ ਇੱਕ ਸਾਥੀ ਤਰਸੇਮ ਲਾਲ ਮੌਕਾ ਪਾ ਕੇ ਪਿਛਲੇ ਦਰਵਾਜ਼ੇ ਤੋਂ ਫਰਾਰ ਹੋ ਗਿਆ, ਇਸ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।



# ਕੈਪਟਨ ਦੀ ਚਿੱਠੀ ਪੁੱਜਣ ਪਹਿਲਾਂ ਹੀ ਨੱਡਾ ਦਾ ਕੈਪਟਨ ਨੂੰ ਜਵਾਬ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਡਾ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ’ਤੇ ਪਿਛਲੇ ਦਿਨੀਂ ਪਾਸ ਕੀਤੇ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਦੇ ਨਾਂਅ ’ਤੇ ਸਿਆਸਤ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾ ਮੁਤਾਬਕ ਉਨ੍ਹਾਂ ਨੂੰ ਮੀਡੀਆ ਤੋਂ ਅਮਰਿੰਦਰ ਸਿੰਘ ਵੱਲੋਂ ਪੱਤਰ ਲਿਖਾਣ ਦਾ ਪਤਾ ਲੱਗਾ ਹੈ, ਪਰ ਇਹ ਪੱਤਰ ਕੱਲ੍ਹ ਸ਼ਾਮ ਤੱਕ ਉਨ੍ਹਾਂ ਕੋਲ ਨਹੀਂ ਪੁੱਜਾ। ਨੱਡਾ ਨੇ ਅਮਰਿੰਦਰ ਸਿੰਘ ਉਤੇ ਵਿਅੰਗ ਕਰਦੇ ਹੋਏ ਕਿਹਾ ਕਿ ਸ਼ਾਇਦ ਇਹ ਪੱਤਰ ਸਿਰਫ ਮੀਡੀਆ ਨੂੰ ਲਿਖਿਆ ਗਿਆ ਸੀ, ਕਿਉਂਕਿ ਅਮਰਿੰਦਰ ਸਿੰਘ ਦਾ ਪੱਤਰ ਉਨ੍ਹਾਂ ਨੂੰਨਹੀਂ ਮਿ-ਲਿਆ, ਪਰ ਸੋਸ਼ਲ ਮੀਡੀਆ ’ਤੇ ਜਾਰੀ ਪੱਤਰ ਦੇ ਆਧਾਰ ’ਤੇ ਉਨ੍ਹਾਂ ਨੇ ਇਸ ਦਾ ਜਵਾਬ ਦਿੱਤਾ ਹੈ।

ਆਪਣੇ ਜਵਾਬ ਵਿੱਚ ਭਾਜਪਾ ਪ੍ਰਧਾਨ ਜੇ ਪੀ ਨੱਡਾ ਨੇ ਕਿਹਾ ਕਿ ਉਹ ਜਨਤਾ ਨੂੰ ਗੁੰਮਰਾਹ ਕਰਨ ਦੀਆਂ ਕੈਪਟਨ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਨੱਡਾ ਨੇ ਦੱਸਿਆ ਕਿ ਕਿਸ ਤਰ੍ਹਾਂ ਤਿੰਨੇ ਖੇਤੀ ਕਾਨੂੰਨ ਦੇਸ਼ ਦੇ ਕਿਸਾਨਾਂ ਦੇ ਹਿੱਤ ਵਿੱਚ ਹਨ ਤੇ ਕਾਂਗਰਸ ਪਾਰਟੀ ਨੇ ਵੀ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਸੀ। ਉਨ੍ਹਾ ਮੁਤਾਬਕ ਇਹ ਤਿੰਨੇ ਕਾਨੂੰਨ ਪਾਰਲੀਮੈਂਟ ਦੇ ਦੋਵਾਂ ਸਦਨਾਂ ’ਚ ਪੂਰੀ ਬਹਿਸ ਨਾਲ ਪਾਸ ਕੀਤੇ ਗਏ ਅਤੇ ਇੱਕ ਵਾਰੀ ਕਾਨੂੰਨ ਬਣ ਜਾਣ ਤੋਂ ਬਾਅਦ ਸਾਰਿਆਂ ਨੂੰ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ, ਪਰ ਇਨ੍ਹਾਂ ਕਾਨੂੰਨਾਂ ਨੂੰ ਪ੍ਰਵਾਨ ਕਰਨ ਦੀ ਥਾਂ ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਇਸ ਦਾ ਵਿਰੋਧ ਕਰ ਰਹੀ ਹੈ। ਨੱਡਾ ਮੁਤਾਬਕ ਸੁਪਰੀਮ ਕੋਰਟ ਨੇ 2009 ਦੇ ਆਪਣੇ ਫੈਸਲੇ ਵਿੱਚ ਸਪੱਸ਼ਟ ਕਰ ਦਿੱਤਾ ਸੀ ਕਿ ਰੇਲਵੇ ਲਾਈਨ ਅਤੇ ਸੜਕ ਉਪਰ ਕਿਸੇ ਨੂੰ ਧਰਨੇ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਪਰ ਪੰਜਾਬ ਸਰਕਾਰ ਨੇ ਰੇਲਵੇ ਲਾਈਨ ਉਤੇ ਧਰਨੇ ’ਤੇ ਬੈਠੇ ਲੋਕਾਂ ਖਿਲਾਫ ਕੇਸ ਦਰਜ ਕਰਨ ਤੋਂ ਇਨਕਾਰ ਕਰ ਕੇ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਕੀਤੀ ਹੈ।

# ਕਿਸਾਨ ਅੰਦੋਲਨ ਨਾਲ 1350 ਯਾਤਰੀ ਤੇ 2225 ਮਾਲ ਗੱਡੀਆਂ ਰੁਕੀਆਂ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਰੇਲ ਪਟੜੀਆਂ ਰੋਕੇ ਜਾਣ ਨਾਲ ਮਾਲ ਢੁਆਈ ਸਰਗਰਮੀਆਂ ਠੱਪ ਹੋਣ ਕਾਰਨ ਰੇਲਵੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਅਜੇ ਤੱਕ ਜ਼ਰੂਰੀ ਵਸਤਾਂ ਲਿਜਾਣ ਵਾਲੀਆਂ 2225 ਤੋਂ ਵੱਧ ਮਾਲ ਗੱਡੀਆਂ ਨਹੀਂ ਚੱਲੀਆਂ, ਇਸ ਨਾਲ ਨੁਕਸਾਨ 1200 ਕਰੋੜ ਰੁਪਏ ਤੋਂਵੱਧ ਹੋਣ ਦੀ ਉਮੀਦ ਹੈ।

ਰੇਲ ਮੰਤਰਾਲੇ ਦਾ ਦਾਅਵਾ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਪਲੇਟ ਫਾਰਮਾਂ ਅਤੇ ਰੇਲ ਪਟੜੀਆਂ ਦੇ ਨੇੜੇ ਧਰਨਾ ਲਾ ਰੱਖਿਆ ਹੈ। ਇਸ ਦੇ ਕਾਰਨ ਸੁਰੱਖਿਆ ਕਾਰਨਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਟਰੇਨਾਂ ਦੀ ਆਵਾਜਾਈ ਇੱਕ ਵਾਰ ਫਿਰ ਰੱਦ ਕਰ ਦਿੱਤੀ ਗਈ ਹੈ। ਪ੍ਰਦਰਸ਼ਨਕਾਰੀਆਂ ਵੱਲੋਂ ਜੰਡਿਆਲਾ ਗੁਰੂ, ਨਾਭਾ, ਤਲਵੰਡੀ ਸਾਬੋ ਅਤੇ ਬਠਿੰਡਾ ਵਿੱਚ ਅਚਾਨਕ ਪਟੜੀਆਂ ਨੂੰ ਰੋਕੇ ਜਾਣ ਨਾਲ ਟਰੇਨਾਂ ਦੀ ਆਵਾਜਾਈ ਸੁਰੱਖਿਆ ਕਾਰਨਾਂ ਰੋਕੀ ਗਈ ਸੀ। ਪ੍ਰਾਪਤ ਰਿਪੋਰਟ ਮੁਤਾਬਕ ਅੰਦੋਲਨ ਕੁੱਲ 32 ਸਥਾਨਾਂ ’ਤੇ ਜਾਰੀ ਸੀ। ਰੇਲ ਮੰਤਰਾਲੇ ਨੇ ਪਟੜੀਆਂ ਦੀ ਸੁਰੱਖਿਆ ਅਤੇ ਰੇਲਵੇ ਸਰਗਰਮੀਆਂ ਨੂੰ ਦੁਬਾਰਾ ਸ਼ੁਰੂ ਕਰਨ ਦੇ ਮੱਦੇਨਜ਼ਰ ਸਟਾਫ ਦੀ ਸੁਰੱਖਿਆ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਨੂੰ 25 ਅਕਤੂਬਰ ਨੂੰ ਪੱਤਰ ਲਿਖਿਆ ਸੀ। ਪੰਜਾਬ ਵਿੱਚ ਕਈ ਸਥਾਨਾਂ ’ਤੇ ਰੇਲ ਪਟੜੀਆਂ ਨੂੰ ਲਗਾਤਾਰ ਰੋਕੇ ਜਾਣ ਕਾਰਨ ਕਈ ਸਥਾਨਾਂ ਤੋਂ ਮਾਲ ਭਾੜਾ ਸਰਗਰਮੀਆਂ ’ਤੇ ਉਲਟਾ ਅਸਰ ਪੈਣ ਨਾਲ ਖੇਤੀ, ਉਦਯੋਗ ਅਤੇ ਮੁਢਲੇ ਢਾਂਚੇ ਨਾਲ ਜੁੜੇ ਖੇਤਰਾਂ ਨੂੰ ਜ਼ਰੂਰੀ ਵਸਤੂਆਂ ਮਿਲਣ ਦੇ ਅਮਲ ’ਤੇ ਅਸਰ ਪਿਆ ਹੈ।ਅੱਜ ਤੱਕ 1350 ਤੋਂ ਜ਼ਿਆਦਾ ਯਾਤਰੀ ਟਰੇਨਾਂ ਨੂੰ ਰੱਦ ਕੀਤਾ ਗਿਆ। ਮਾਰਗ ਬਦਲ ਕੇ ਜਾਂ ਕੁਝ ਸਮੇਂ ਤੱਕ ਇਨ੍ਹਾਂ ਨੂੰ ਬੰਦ ਕਰਨ ਨਾਲ ਅਤੇ ਕੋਵਿਡ-19 ਮਹਾਂਮਾਰੀ ਦੇ ਦੌਰਾਨ ਵੀ ਯਾਤਰੀਆਂ ਨੂੰ ਗੰਭੀਰ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ, ਜੰਮੂ-ਕਸ਼ਮੀਰ, ਲੱਦਾਖ ਤੇ ਹਿਮਾਚਲ ਪ੍ਰਦੇਸ਼ ’ਚ ਜ਼ਰੂਰੀ ਵਸਤੂਆਂ ਨੂੰ ਲਿਆਉਣ ਅਤੇ ਲਿਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ’ਤੇ ਉਲਟ ਅਸਰ ਪਿਆ ਹੈ।

## ਕੇਂਦਰ ਨਾਲ ਟਕਰਾਅ ਦਾ ਸਿੱਟਾ:

# ਕੈਪਟਨ ਅਮਰਿੰਦਰ ਤੇ ਪਰਵਾਰਕ ਜੀਆਂ ਨੂੰ ਈ ਡੀ ਅਤੇ ਆਮਦਨ ਟੈਕਸ ਦੇ ਨੋਟਿਸ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਮੁਕਾਬਲੇ ਬੇਅਸਰ ਕਰਨ ਲਈ ਸੋਧ ਬਿੱਲ ਪਾਸ ਕਰਨ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅਤੇ ਇਨਕਮ ਟੈਕਸ ਵਿਭਾਗ ਵੱਲੋਂਉਨ੍ਹਾਂ ਸਮੇਤ ਪਰਵਾਰਕ ਮੈਂਬਰਾਂ ਨੂੰ ਜਾਰੀ ਕੀਤੇ ਗਏ ਵੱਖ-ਵੱਖ ਨੋਟਿਸਾਂ ਦੇ ਸਮੇਂ ’ਤੇ ਕਈ ਪਾਸਿਆਂ ਵੱਲੋਂ ਸਵਾਲ ਚੁੱਕੇ ਗਏ ਹਨ।

ਕੱਲ੍ਹ ਦਿੱਲੀ ਵਿੱਚ ਜੰਤਰ-ਮੰਤਰ ਵਿਖੇ ਆਪਣੇ ਧਰਨੇ ਤੋਂ ਬਾਅਦ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਦੌਰਾਨ ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਨੂੰ ਈ ਡੀ ਦੇ ਨੋਟਿਸ ਤੋਂ ਇਲਾਵਾ ਖੁਦ ਉਨ੍ਹਾਂ (ਕੈਪਟਨ ਅਮਰਿੰਦਰ ਸਿੰਘ) ਅਤੇ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਨੂੰ ਆਮਦਨ ਟੈਕਸ ਵਿਭਾਗ ਪਾਸੋਂ ਨੋਟਿਸ ਆਉਣ ਲੱਗ ਪਏ ਹਨ। ਉਨ੍ਹਾਂਕਿਹਾ ਕਿ ਹੱਦ ਇੱਥੋਂ ਤੱਕ ਹੋ ਗਈ ਹੈ ਕਿ ਉਨ੍ਹਾਂ ਦੀਆਂ ਦੋ ਪੋਤਰੀਆਂ, ਜਿਨ੍ਹਾਂ ਵਿੱਚੋਂ ਇੱਕ ਲਾਅ ਦੀ ਵਿਦਿਆਰਥਣ ਹੈ ਅਤੇ ਦੂਜੀ ਆਪਣੀ ਮੰਗਣੀ ਦੀ ਤਿਆਰੀ ਕਰ ਰਹੀ ਹੈ, ਦੇ ਨਾਲ-ਨਾਲ ਅੱਲ੍ਹੜ ਉਮਰ ਦੇ ਪੋਤਰੇ ਨੂੰ ਵੀ ਨਹੀਂ ਬਖਸ਼ਿਆ ਅਤੇ ਇਨ੍ਹਾਂ ਨੂੰ ਵੀ ਨੋਟਿਸ ਜਾਰੀ ਕਰ ਦਿੱਤੇ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, “ਮੈਨੂੰ ਨਹੀਂ ਪਤਾ ਕਿ ਇਹ ਨੋਟਿਸ ਜਾਰੀ ਕਰਨ ਦੇ ਸਮੇਂਤੋਂ ਸਿਵਾ ਇਸ ਬਾਰੇ ਕੀ ਕਹਿਣਾ ਹੈ ਕਿਉਂਕਿ ਜੋ ਸਮਾਂ ਚੁਣਿਆ ਗਿਆ ਹੈ, ਉਹ ਸ਼ੱਕੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਖੇਤੀ ਸੋਧ ਬਿੱਲ ਪਾਸ ਕਰਵਾਉਣ ਦੇ ਹੰਭਲੇ ਤੋਂ ਬਾਅਦ ਕੇਂਦਰੀ ਏਜੰਸੀਆਂ ਨੇ ਇਹ ਨੋਟਿਸ ਕੱਢੇ ਹਨ।’ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ ਵਿਰੁੱਧ ‘ਸ਼ਹਿਰੀ ਨਕਸਲਵਾਦੀ’ ਹੋਣ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਮੁੱਖ ਮੰਤਰੀ ਨੇ ਇਹ ਦੋਸ਼ ਵੀ ਰੱਦ ਕੀਤੇ ਹਨ ਕਿਉਨ੍ਹਾਂ ਦੀ ਸਰਕਾਰ ਕਿਸਾਨਾਂ ਨੂੰ ਪ੍ਰਦਰਸ਼ਨ ਲਈ ਉਕਸਾਉਂਦੀ ਹੈ। ਉਨ੍ਹਾਂ ਨੇ ਕਿਸਾਨ ਪ੍ਰਦਰਸ਼ਨਾਂ ਨੂੰ ਕੇਂਦਰ ਸਰਕਾਰ ਦੇ ਕਦਮਾਂ ਦਾ ਪ੍ਰਤੀਕਰਮ ਦੱਸਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਰੋਜ਼ੀ-ਰੋਟੀ ’ਤੇ ਲੱਤ ਮਾਰੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਬਿਖੇੜੇ ਕੇਂਦਰ ਸਰਕਾਰ ਨੇ ਖੜੇ ਕੀਤੇ ਹਨ, ਜਦ ਕਿ ਪੰਜਾਬ ਸਿਰਫ ਸ਼ਾਂਤੀ ਚਾਹੁੰਦਾ ਹੈ ਤਾਂ ਕਿ ਸਾਡੀ ਕਿਸਾਨੀ ਅਤੇ ਸਨਅਤ ਸਮੇਤ ਸਮੁੱਚੇ ਪੰਜਾਬੀ ਹੋਰ ਪ੍ਰਫੁੱਲਤ ਹੋਣ।ਕਿਸਾਨਾਂ ਨੂੰ ਆਜ਼ਾਦ ਕਰਨ ਲਈ ਕੇਂਦਰੀ ਖੇਤੀ ਕਾਨੂੰਨ ਲਿਆਉਣ ਬਾਰੇ ਭਾਜਪਾ ਦੇ ਦਾਅਵੇ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿੱਚ ਆਜ਼ਾਦੀ ਦੇਣ ਬਹਾਨੇ ਕਿਸਾਨਾਂ ਨੂੰ ਕਾਰਪੋਰੇਟਾਂ ਦੀ ਚੁੰਗਲ ਵਿੱਚ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਪੰਜਾਬ ਦੇ ਕਿਸਾਨਾਂ ਨਾਲਨਹੀਂ,ਸਗੋਂ ਹਰਿਆਣਾ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼ ਵਰਗੇ ਹੋਰ ਰਾਜਾਂ ਦੇ ਕਿਸਾਨਾਂ ਨਾਲ ਵੀ ਘੋਰ ਬੇਇਨਸਾਫੀ ਹੈ।

ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਦੇ ਲੋਕਾਂ ਨੂੰ ਈ ਡੀ ਅਤੇ ਇਨਕਮ ਟੈਕਸ ਦੇ ਨੋਟਿਸ ਕੱਢਣ ਦੀ ਕਾਰਵਾਈ ਦੀ ਹੋਰ ਵੀ ਕਈ ਆਗੂਆਂ ਨੇ ਸਖਤ ਨਿਖੇਧੀ ਕੀਤੀ ਅਤੇ ਸਵਾਲ ਉਠਾਏ ਹਨ।

## ਮੁੰਬਈ ਪੁਲਸ ਨੇ ਹਾਈ ਕੋਰਟ ਨੂੰ ਦੱਸਿਆ:

# ਸੁਸ਼ਾਂਤ ਰਾਜਪੂਤ ਦੀਆਂ ਭੈਣਾਂ ਵਿਰੁੱਧ ਸ਼ਿਕਾਇਤ ਨਾਲ ਅਪਰਾਧ ਦਾ ਖੁਲਾਸਾ ਹੋਇਐ

ਮੁੰਬਈ, 5 ਨਵੰਬਰ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਬੰਬੇ ਹਾਈ ਕੋਰਟ ਨੂੰ ਦੱਸਿਆ ਕਿ ਸਵਰਗੀ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀਆਂ ਭੈਣਾਂ ਵਿਰੁੱਧ ਕੇਸ ਦਰਜ ਕਰਨਾ ਉਸ ਦਾ ਫਰਜ਼ ਸੀ ਕਿਉਂਕਿ ਅਦਾਕਾਰਾ ਰੀਆ ਚੱਕਰਵਰਤੀ ਵੱਲੋਂਉਨ੍ਹਾਂ ਵਿਰੁੱਧ ਦਰਜ ਕਰਵਾਈ ਗਈ ਸ਼ਿਕਾਇਤ ਨੇ ਅਪਰਾਧ ਹੋਣ ਦਾ ਖੁਲਾਸਾ ਕੀਤਾ ਹੈ। ਇਸ ਮਹਾਨਗਰ ਦੀ ਪੁਲਸ ਨੇ ਅਦਾਲਤ ਵਿੱਚ ਇੱਕ ਐਫੀਡੇਵਿਟ ਪੇਸ਼ ਕੀਤਾ ਜਿਸ ਵਿੱਚ ਰਾਜਪੂਤ ਦੀਆਂ ਭੈਣਾਂ ਪ੍ਰਿਯੰਕਾ ਸਿੰਘ ਅਤੇ ਮੀਤੂ ਸਿੰਘ ਦੀ ਪਟੀਸ਼ਨ ਰੱਦ ਕਰਨ ਦੀ ਅਪੀਲ ਕੀਤੀ ਗਈ ਹੈ। ਰਾਜਪੂਤ ਦੀਆਂ ਭੈਣਾਂ ਨੇ ਧੋਖਾਧੜੀ ਅਤੇ ਆਪਣੇ ਭਰਾ ਲਈ ਦਵਾਈਆਂ ਦੀ ਫਰਜ਼ੀ ਪਰਚੀ ਬਣਾਉਣ ਬਾਰੇ ਕੇਸ ਰੱਦ ਕਰਨ ਦੀ ਅਪੀਲ ਕੀਤੀ ਹੈ। ਬਾਂਦਰਾ ਦੀ ਪੁਲਸ ਨੇ ਰੀਆ ਚੱਕਰਵਰਤੀ ਦੀ ਸ਼ਿਕਾਇਤ ਮਿਲਣ ਪਿੱਛੋਂ ਇੱਥੇ ਸਤੰਬਰ ਵਿੱਚ ਰਾਜਪੂਤ ਦੀਆਂ ਭੈਣਾਂ ਵਿਰੁੱਧ ਕੇਸ ਦਰਜ ਕੀਤਾ ਸੀ।ਬਾਂਦਰਾ ਪੁਲਸ ਦੇ ਸੀਨੀਅਰ ਜਾਂਚ ਕਰਤਾ ਨਿਖਿਲ ਕਾਪਸੇ ਵੱਲੋਂ ਪੇਸ਼ਐਫੀਡੇਵਿਟ ਵਿੱਚ ਉਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਕਿ ਪੁਲਸ ਪਟੀਸ਼ਨ ਕਰਤਾਵਾਂ ਜਾਂ ਕਿਸੇ ਮ੍ਰਿਤਕ ਵਿਅਕਤੀ ਦੀ ਮਾਣ-ਮਰਿਆਦਾ ਨੂੰ ਠੇਸ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਐਫੀਡੇਵਿਟ ਮੁਤਾਬਕ ਰਾਜਪੂਤ ਦੀਆਂ ਭੈਣਾਂ ਵਿਰੁੱਧ ਕੇਸ ਦਰਜ ਕਰਕੇ ਪੁਲਸ ਸੀ ਬੀ ਆਈ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਪ੍ਰਭਾਵਿਤ ਕਰਨ ਜਾਂ ਪੱਟੜੀ ਤੋਂ ਉਤਾਰਨ ਦੀ ਕੋਸ਼ਿਸ਼ ਨਹੀਂ ਕਰ ਰਹੀ।

# ਸੁਪਰੀਮ ਕੋਰਟ ਨੇ ਗਰੈਜੂਏਟ ਚਪੜਾਸੀ ਨੂੰ ਅਯੋਗ ਠਹਿਰਾਉਣ ਦਾ ਫ਼ੈਸਲਾ ਬਰਕਰਾਰ ਰੱਖਿਆ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਇਹ ਦਲੀਲ ਰੱਦ ਕਰ ਦਿੱਤੀ ਕਿ ਜ਼ਿਆਦਾ ਯੋਗਤਾ ਕੋਈ ਅਯੋਗਤਾ ਦਾ ਆਧਾਰ ਨਹੀਂ ਹੋ ਸਕਦੀ ਤੇ ਉਸ ਨੇ ਪੰਜਾਬ ਨੈਸ਼ਨਲ ਬੈਂਕ ਦੇ ਇੱਕ ਚਪੜਾਸੀ ਦੀ ਸੇਵਾਵਾਂ ਸਮਾਪਤ ਕਰਨ ਦਾ ਆਦੇਸ਼ ਕਾਇਮ ਰੱਖਿਆ,ਕਿਉਂਕਿ ਉਸ ਨੇ ਆਪਣੇ ਗ੍ਰੈਜੂਏਟ ਹੋਣ ਦਾ ਤੱਥ ਲੁਕੋਇਆ ਸੀ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਉਡੀਸਾ ਹਾਈ ਕੋਰਟ ਦੇ ਦੋ ਹੁਕਮਾਂ ਨੂੰ ਰੱਦ ਕਰ ਦਿੱਤਾ ਹੈ। ਇਨ੍ਹਾਂਹੁਕਮਾਂ ਵਿੱਚ ਹਾਈ ਕੋਰਟ ਨੇ ਬੈਂਕ ਨੂੰ ਕਿਹਾ ਸੀ ਕਿ ਚਪੜਾਸੀ ਨੂੰ ਆਪਣੀ ਸੇਵਾਵਾਂ ਕਰਦੇ ਰਹਿਣ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਕਿਹਾ ਕਿ ਮਹੱਤਵ ਪੂਰਨ ਜਾਣਕਾਰੀ ਲੁਕੋਣ ਜਾਂ ਗਲਤ ਜਾਣਕਾਰੀ ਦੇਣ ਵਾਲਾ ਕਰਮਚਾਰੀ ਸੇਵਾ ਵਿੱਚ ਰਹਿਣ ਦਾ ਦਾਅਵਾ ਨਹੀਂ ਕਰ ਸਕਦਾ। ਜਸਟਿਸ ਅਸ਼ੋਕ ਭੂਸ਼ਣ, ਜਸਟਿਸਆਰ ਸੁਭਾਸ਼ ਰੇਡੀ ਅਤੇ ਜਸਟਿਸ ਐਮ ਆਰ ਸ਼ਾਹ ਨੇ ਬੈਂਕ ਦੀ ਅਪੀਲ ’ਤੇ ਇਹ ਫ਼ੈਸਲਾ ਸਣਾਇਆ ਅਤੇ ਇਸ ਵਿੱਚ ਇਸ ਤੱਥ ਨੂੰ ਵੀ ਸ਼ਾਮਲ ਕੀਤਾ ਕਿ ਇਸ ਨੌਕਰੀ ਸਬੰਧੀ ਵਿਗਿਆਪਨ ਵਿੱਚ ਸਾਫ ਸੀ ਕਿ ਬਿਨੈਕਾਰ ਗ੍ਰੈਜੂਏਟ ਨਹੀਂ ਹੋਣਾ ਚਾਹੀਦਾ।ਅਦਾਲਤ ਨੇ ਕਿਹਾ ਕਿ ਅਮਿਤ ਕੁਮਾਰ ਦਾਸ ਨੇ ਯੋਗਤਾ ਨੂੰ ਚੁਣੌਤੀ ਦੇਣ ਦੀ ਥਾਂ ਆਪਣੀ ਯੋਗਤਾ ਲੁਕਾ ਕੇ ਨੌਕਰੀ ਲਈ ਅਰਜ਼ੀ ਦਿੱਤੀ। ਸੁਪਰੀਮ ਕੋਰਟ ਨੇ ਕਿਹਾ ਕਿ ਦਾਸ ਨੇ ਜਾਣ ਬੁਝ ਕੇ ਆਪਣੇ ਗ੍ਰੈਜੂਏਟ ਹੋਣ ਦੀ ਜਾਣਕਾਰੀ ਲੁਕਾਈ ਅਤੇ ਇਸ ਲਈ ਮੁਲਾਜਮ ਨੂੰ ਉਸੇ ਚਪੜਾਸੀ ਦੇ ਪਦ ’ਤੇ ਆਪਣਾ ਕੰਮ ਕਰਦੇ ਰਹਿਣ ਦਾ ਨਿਰਦੇਸ਼ ਦੇ ਕੇ ਉਚ ਅਦਾਲਤ ਨੇ ਗਲਤੀ ਕੀਤੀ।

# ਬਿਹਾਰ ਚੋਣਾਂ ਦੇ ਦੂਜੇ ਪੜਾਅ ਵਿੱਚ 54.64 ਫ਼ੀਸਦੀ ਵੋਟਿੰਗ

ਪਟਨਾ, 5 ਨਵੰਬਰ (ਪੋਸਟ ਬਿਊਰੋ)- ਚੋਣ ਕਮਿਸ਼ਨ ਨੇ ਦੱਸਿਆ ਕਿ ਬਿਹਾਰ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਤਹਿਤ 94 ਵਿਧਾਨ ਸਭਾ ਹਲਕਿਆਂ ’ਚ ਸ਼ਾਮ 5 ਵਜੇ ਤੱਕ 54.64 ਫ਼ੀਸਦੀ ਵੋਟਾਂ ਪਈਆਂ।

ਚੋਣ ਕਸ਼ਿਮਨ ਨੇ ਕਿਹਾ ਕਿ 2015 ਦੀਆਂ ਵਿਧਾਨ ਸਭਾ ਚੋਣਾਂ ’ਚ 55.35 ਫ਼ੀਸਦੀ ਵੋਟਿੰਗ ਹੋਈ ਸੀ। ਬਿਹਾਰ ਵਿਧਾਨ ਸਭਾ ਚੋਣਾਂ ਦੇ ਦੂਜੇ ਪੜਾਅ ਹੇਠ ਸੂਬੇ ਦੇ 17 ਜ਼ਿਲ੍ਹਿਆਂ ਦੀਆਂ 94 ਵਿਧਾਨ ਸਭਾ ਸੀਟਾਂ ਉੱਤੇ ਕੋਵਿਡ-19 ਤੋਂ ਬਚਾਅ ਦੇ ਨਿਯਮਾਂ ਦਾ ਪਾਲਣ ਕਰਦਿਆਂ ਹੋਇਆਂ ਸਖ਼ਤ ਨਿਗਰਾਨੀ ਤੇ ਪੁਖ਼ਤਾ ਸੁਰੱਖਿਆ ਪ੍ਰਬੰਧਾਂ ਨਾਲ ਸਵੇਰੇ ਸੱਤ ਵਜੇ ਵੋਟਿੰਗ ਸ਼ੁਰੂ ਹੋਈ ਸੀ ਅਤੇ ਇਹ 94 ਵਿਧਾਨ ਸਭਾ ਹਲਕੇ 17 ਜ਼ਿਲ੍ਹਿਆਂ ਪੱਛਮੀ ਚੰਪਾਰਣ, ਪੂਰਬੀ ਚੰਪਾਰਣ, ਸ਼ਿਵਹਰ, ਸੀਤਾਮੜੀ, ਮਧੂਬਨੀ, ਦਰਭੰਗਾ, ਮੁਜ਼ੱਫ਼ਰਪੁਰ, ਗੋਪਾਲਗੰਜ, ਸੀਵਨ, ਸਾਰਣ, ਵੈਸ਼ਾਲੀ, ਸਮਸਤੀਪੁਰ, ਬੇਗੂਸਰਾਏ, ਖਗੜੀਆ, ਭਾਗਲਪੁਰ, ਨਾਲੰਦਾ ਅਤੇ ਪਟਨਾ ’ਚ ਪੈਂਦੇ ਹਨ। ਦੂਜੇ ਪੜਾਅ ਦੀਆਂ ਵੋਟਾਂ ਦਾ ਸਮਾਂ ਆਮ ਵਾਂਗ ਸਵੇਰੇ ਸੱਤ ਵਜੇ ਤੋਂ ਸ਼ਾਮ ਛੇ ਵਜੇ ਤੱਕ ਸੀ, ਪਰ ਇਨ੍ਹਾਂ ਸੀਟਾਂ ’ਤੇ ਸਮੇਂ ’ਚ ਬਦਲਾਅ ਕੀਤਾ ਗਿਆ ਸੀ।

# ਅਡਾਨੀ ਗਰੁੱਪ ਨੇ ਮੰਗਲੂਰੂ ਹਵਾਈ ਅੱਡਾ 50 ਸਾਲਾਂ ਦੀ ਲੀਜ਼ ’ਤੇ ਲਿਆ



ਮੰਗਲੂਰੂ, 5 ਨਵੰਬਰ (ਪੋਸਟ ਬਿਊਰੋ)- ਇੰਡੀਅਨ ਏਅਰ ਪੋਰਟ ਅਥਾਰਟੀ (ਏ ਏ ਆਈ) ਨੇ ਕਰਨ-ਾਟਕਾ ਦਾ ਮੰਗਲੌਰ ਅੰਤਰਰਾਸ਼ਟਰੀ ਹਵਾਈ ਅੱਡਾ ਅਧਿਕਾਰਤ ਤੌਰ ’ਤੇ ਅਡਾਨੀ ਗਰੁੱਪ ਨੂੰ 50 ਸਾਲਾਂ ਲਈ ਲੀਜ਼ ’ਤੇ ਦੇ ਦਿੱਤਾ ਹੈ।

ਅਸਲ ਵਿੱਚਇਹ ਲੀਜ਼ 14 ਫਰਵਰੀ 2020 ਨੂੰ ਲਾਗੂ ਕੀਤੇ ਰਿਆਇਤੀ ਸਮਝੌਤੇ ਹੇਠਕੀਤੀ ਗਈ ਹੈ। ਇਸ ਪ੍ਰਾਪਤੀ ਦੇ ਨਾਲ ਅਡਾਨੀ ਗਰੁੱਪ ਨੇ ਦੇਸ਼ ਦੇ ਛੇ ਵੱਡੇ ਹਵਾਈ ਅੱਡਿਆਂ ’ਤੇ ਆਪਣਾ ਕਬਜ਼ਾ ਕਰ ਲਿਆ ਹੈ। ਇਨ੍ਹਾਂ ਵਿੱਚ ਲਖਨਊ, ਅਹਿਮਦਾਬਾਦ, ਤਿਰੂਵਨੰਥਾਪੁਰਮ, ਜੈਪੁਰ, ਗੁਹਾਟੀ ਅਤੇ ਮੰਗਲੌਰ ਦੇ ਹਵਾਈ ਅੱਡੇ ਸ਼ਾਮਲ ਹਨ।

ਲਖਨਊ ਦੇ ਚੌਧਰੀ ਚਰਨ ਸਿੰਘ ਏਅਰ ਪੋਰਟ ਬਾਰੇ ਅਡਾਨੀ ਗਰੁੱਪ ਨਾਲ ਹੋਏ ਸਮਝੌਤੇ ਤਹਿਤ ਸ਼ੁਰੂਆਤੀ ਤਿੰਨ ਸਾਲ ਤੱਕ ਅਡਾਨੀ ਗਰੁੱਪ ਦੇ ਅਧਿਕਾਰੀ ਏਅਰਪੋਰਟ ਪ੍ਰਸ਼ਾਸਨ ਨਾਲ ਕੰਮ ਕਰਨਗੇ। ਸੁਰੱਖਿਆ ਦੀ ਕਮਾਨ ਪਹਿਲਾਂ ਦੀ ਵਾਂਗ ਹੀ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਦੇ ਜਵਾਨ ਸੰਭਾਲਣਗੇ। ਫਾਇਰ ਫਾਈਟਿੰਗ ਸਿਸਟਮ ਅਤੇ ਇੰਜੀਨੀਅਰਿੰਗ ਸੇਵਾਵਾਂ ਅਡਾਨੀ ਗਰੁੱਪ ਦੇ ਅਧਿਕਾਰੀ ਸੰਭਾਲਣਗੇ। ਦੱਸਿਆ ਜਾਂਦਾ ਹੈ ਕਿ ਏਅਰ ਪੋਰਟ ’ਤੇ ਕਿਸੇ ਵੀ ਸਹੂਲਤ ਦੀ ਫੀਸ ਹਾਲੇ ਨਹੀਂ ਵਧਾਈ ਜਾਵੇਗੀ। ਜਾਣਕਾਰੀ ਮੁਤਾਬਕ ਲਖਨਊ ਹਵਾਈ ਅੱਡੇ ’ਤੇ ਦਿੱਲੀ ਦੀ ਤਰਜ਼ ’ਤੇ ਮੁਫ਼ਤ ਪਿਕ ਐਂਡ ਡਰਾਪ ਸੇਵਾ ਵੀ ਮੁਹੱਈਆ ਕਰਵਾਈ ਜਾ ਸਕਦੀ ਹੈ।

# ਕੰਗਨਾ ਰਣੌਤ ਨੂੰ ਮੁੰਬਈ ਪੁਲਸ ਦਾ ਨੋਟਿਸ

ਮੁੰਬਈ, 5 ਨਵੰਬਰ (ਪੋਸਟ ਬਿਊਰੋ)- ਮੁੰਬਈ ਪੁਲਸ ਨੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਇੱਕ ਹੋਰ ਨੋਟਿਸ ਜਾਰੀ ਕਰ ਕੇ ਉਸ ਨੂੰ ਆਪਣੀ ਭੈਣ ਰੰਗੋਲੀ ਚੰਦੇਲ ਨਾਲ 10 ਨਵੰਬਰ ਨੂੰ ਪੇਸ਼ ਹੋਣ ਨੂੰ ਗਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਹ ਨੋਟਿਸ ਸੋਸ਼ਲ ਮੀਡੀਆ ਉਤੇ ਭੜਕਾਊ ਬਿਆਨ ਦੇਣ ਦੇ ਮਾਮਲੇ ਵਿੱਚ ਪੁੱਛਗਿੱਛ ਲਈ ਜਾਰੀ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 21 ਅਕਤੂਬਰ ਨੂੰ ਬਾਂਦਰਾ ਦੀ ਪੁਲਸ ਨੇ ਕੰਗਨਾ ਅਤੇ ਉਸ ਦੀ ਭੈਣ ਰੰਗੋਲੀ ਨੂੰ ਬਿਆਨ ਦਰਜ ਕਰਾਉਣ ਲਈ ਇੱਕ ਨੋਟਿਸ ਜਾਰੀ ਕੀਤਾ ਸੀ। ਕੰਗਨਾ ਰਾਣੌਤ ਦੇ ਵਕੀਲ ਨੇ ਇਸ ਦੇ ਜਵਾਬ ਵਿੱਚ ਪੁਲਸ ਨੂੰ ਦੱਸਿਆ ਸੀ ਕਿ ਕੰਗਨਾ ਇਸ ਸਮੇਂ ਹਿਮਾਚਲ ਪ੍ਰਦੇਸ਼ ਵਿੱਚ ਆਪਣੇ ਚਚੇਰੇ ਭਰਾ ਦੇ ਵਿਆਹ ਦੀ ਤਿਆਰੀ ਵਿੱਚ ਰੁੱਝੀ ਹੋਈ ਹੈ, ਇਸ ਕਾਰਨ ਅਜੇ ਪੇਸ਼ ਨਹੀਂ ਹੋ ਸਕਦੀ। ਅਧਿਕਾਰੀ ਨੇ ਦੱਸਿਆ ਕਿ ਬਾਂਦਰਾ ਪੁਲਸ ਨੇ ਦੋਵਾਂ ਨੂੰ ਇਸ ਕੇਸ ਵਿੱਚ ਬਿਆਨ ਦਰਜ ਕਰਵਾਉਣ ਲਈ 10 ਨਵੰਬਰ ਨੂੰ ਥਾਣੇ ਵਿੱਚ ਹਾਜ਼ਰ ਹੋਣ ਦਾ ਦੂਜਾ ਨੋਟਿਸ ਭੇਜਿਆ ਹੈ।

# ਅਗਸਤਾ ਵੈਸਟਲੈਂਡ ਸੌਦੇ ਵਿਚ ਕ੍ਰਿਸ਼ਚੀਅਨ ਮਿਸ਼ੇਲ ਨੂੰ ਦਲਾਲੀ ਵਿੱਚ 3.70 ਕਰੋੜ ਯੂਰੋ ਮਿਲੇ

## * ਸੀ ਬੀ ਆਈ ਵੱਲੋਂ ਚਾਰਜਸ਼ੀਟ ਵਿੱਚ ਦਾਅਵਾ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਬ੍ਰਿਟਿਸ਼ ਨਾਗਰਿਕ ਕ੍ਰਿਸ਼ਚੀਅਨ ਮਿਸ਼ੇਲ ਜੇਮਸ ਨੂੰ ਅਗਸਤਾ ਵੈਸਟਲੈਂਡ ਹੈਲੀਕਾਪਟਰ ਸਮਝੌਤੇ ਵਿੱਚੋ 3.70 ਕਰੋੜ ਯੂਰੋ ਦਲਾਲੀ ਵਜੋਂ ਮਿਲੇ ਸਨ ਅਤੇ ਦੁਬਈ ਦੇ ਸੀ ਏ ਰਾਜੀਵ ਸਕਸੈਨਾ ਦੀਆਂ ਚਾਰ ਕੰਪਨੀਆਂ ਨੂੰ ਉਸ ਨੇ 9 ਲੱਖ ਯੂਰੋ ਦਿੱਤੇ ਸਨ।

ਸੀ ਬੀ ਆਈ ਨੇ 3600 ਕਰੋੜ ਰੁਪਏ ਦੇ ਵੀ ਵੀ ਆਈ ਪੀ ਹੈਲੀਕਾਪਟਰ ਸੌਦਾ ਮਾਮਲੇ ਵਿੱਚ ਦਾਖਲ ਆਪਣੀ ਚਾਰਜਸ਼ੀਟ ਵਿੱਚ ਇਹ ਦਾਅਵਾ ਕੀਤਾ ਹੈ। ਇਸ ਕੇਸ ਵਿੱਚ ਕਈ ਲੋਕਾਂ ਦੇ ਖਿਲਾਫ ਸੀ ਬੀ ਆਈ ਵੱਲੋਂ ਦਾਖਲ ਕੀਤੀਗਈ 12,421 ਸਫਿਆਂ ਦੀ ਚਾਰਜਸ਼ੀਟ ਮੁਤਾਬਕ ਮਿਸ਼ੇਲ ਨੇ ਆਪਣੀ ਕੰਪਨੀ ਗਲੋਬਲ ਸਰਵਿਸ ਐਫ ਜ਼ੈਡ ਈ, ਦੁਬਈ ਦੇ ਰਾਹੀਂ ਅਗਸਤਾ ਵੈਸਟਲੈਂਡ ਤੋਂ 3.70 ਕਰੋੜ ਯੂਰੋ ਪ੍ਰਾਪਤ ਕੀਤੇ ਸਨ। ਇਹ ਰਾਸ਼ੀ ਫਰਵਰੀ 2007 ਤੋਂ ਦਸੰਬਰ 2011 ਦੇ ਦੌਰਾਨ ਕੰਸਲਟੈਂਸੀ ਸਰਵਿਸ ਵਜੋਂ ਲਏ ਗਏ ਸਨ। ਮਿਸ਼ੇਲ ਨੂੰ ਪੰਜ ਦਸੰਬਰ 2018 ਨੂੰ ਭਾਰਤ ਹਵਾਲੇ ਕੀਤਾ ਗਿਆ ਸੀ ਅਤੇ ਇਸ ਸਮੇਂ ਵਿੱਚ ਉਹ ਦਿੱਲੀ ਦੀ ਉਚ ਸੁਰੱਖਿਆ ਵਾਲੀ ਤਿਹਾੜ ਜੇਲ੍ਹ ਵਿੱਚ ਬੰਦ ਹੈ।ਸੀ ਬੀ ਆਈ ਦਾ ਦਾਅਵਾ ਹੈ ਕਿ ਅਗਸਤਾ ਵੈਸਟਲੈਂਡ ਦੀ ਮੂਲ ਕੰਪਨੀ ਫਿਨਮੈਕੇਨਿਕਾ ਦੇ ਅੰਦਰੂਨੀ ਆਡੀਟਰ ਜਾਰਜੀਆ ਕਸਾਨਾ ਵੱਲੋਂ 2009-12 ਦੌਰਾਨ ਤਿਆਰ ਕੀਤੀ ਐਕਸੈਲ ਸ਼ੀਟ ਵਿੱਚ ਗਲੋਬਲ ਸਰਵਿਸਿਜ਼ ਐਫ ਜ਼ੈਡ ਈ ਵੱਲੋਂ ਕੀਤੇ ਗਏ ਭੁਗਤਾਨ ਸੂਚੀ-ਬੱਧ ਹਨ। ਸੀ ਬੀ ਆਈ ਨੇ ਦਾਅਵਾ ਕੀਤਾ ਕਿ ਇਟਲੀ ਤੋਂ ਰੋਗੇਟਰੀ ਚੈਨਲਾਂ ਦੇ ਜਰੀਏ ਪ੍ਰਾਪਤ ਐਕਸੈਲ ਸ਼ੀਟ ਤੋਂ ਪਤਾ ਲੱਗਾ ਹੈ ਕਿ ਰਾਜੀਵ ਸਕਸੈਨਾ ਦੀਆਂ ਚਾਰ ਕੰਪਨੀਆਂ ਨੂੰ 9 ਲੱਖ ਯੂਰੋ ਦਿੱਤੇ ਗਏ ਸਨ। ਰਾਜੀਵ ਸਕਸੈਨਾ ਨੂੰ ਬੀਤੇ ਸਾਲ 31 ਜਨਵਰੀ ਨੂੰ ਦੁਬਈ ਨੇ ਭਾਰਤ ਹਵਾਲੇ ਕੀਤਾ ਸੀ।ਸੀ ਬੀ ਆਈ ਨੇ ਕਿਹਾ ਕਿ ਸਕਸੈਨਾ ਦੀਆਂ ਕੰਪਨੀਆਂ ਪੈਸੀਫਿਕ ਇੰਟਰੈਸ਼ਨਲ ਐਫ ਜ਼ੈਡ ਸੀ, ਮਿਡਾਸ ਮੈਟਲਸ ਇੰਟਰਨੈਸ਼ਨਲ ਐਲ ਐਲ ਸੀ, ਮੈਟੋਲਿਕਸ ਲਿਮਟਿਡ ਅਤੇ ਯੂਰੋਟ੍ਰੇਡ ਲਿਮਟਿਡ ਵਿੱਚ ਰਕਮ ਟਰਾਂਸਫਰ ਕੀਤੀ ਗਈ। ਸੀ ਬੀ ਆਈ ਦੇ ਅਨੁਸਾਰ ਪੈਸੀਫਿਕ ਇੰਟਰਨੈਸ਼ਨਲ ਐਫ ਜੈਡ ਸੀ ਨੂੰ 5,13,705.84 ਯੂਰੋ, ਮੈਟਲਸ ਇੰਟਰੈਸ਼ਨਲ ਐਲ ਐਲ ਸੀ ਨੂੰ 1,74,757.5, ਮੈਟੋਲਿਕਸ ਲਿਮਟਿਡ ਨੂੰ 1,01,747.7 ਅਤੇ ਯੂਰੋਟ੍ਰੇਡ ਲਿਮਟਿਡ ਨੂੰ 1,58,651 ਯੂਰੋ ਪ੍ਰਾਪਤ ਹੋਏ।


jobs! jobs! jobs! jobs! jobs!

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:

* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ

* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:

110 Glidden Rd., Brampton

ਜਾਂ ਫੇਰ ਈ-ਮੇਲ ਕਰੋ:

jbrown@dundasjafine.com

kkaur@dundasjafine.com


# ਸੁਪਰੀਮ ਕੋਰਟ ਦਾ ਫੈਸਲਾ, ਵਿਆਹੁਤਾ ਵਿਵਾਦ ਦੇ ਕੇਸ ਦਾਖਲ ਹੁੰਦੇ ਹੀ ਗੁਜ਼ਾਰਾ ਭੱਤਾ ਮਿਲਣਾ ਸ਼ੁਰੂ ਹੋਵੇਗਾ



ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਵਿਆਹੁਤਾ ਵਿਵਾਦ ਕੇਸਾਂ ਵਿੱਚ ਦੇਸ਼ ਦੀਆਂ ਵੱਖ-ਵੱਖ ਅਦਾਲਤਾਂ ਵੱਲੋਂ ਅੰਤ੍ਰਿਮ ਮੁਆਵਜ਼ੇ ਅਤੇ ਗੁਜ਼ਾਰਾ ਭੱਤੇ ਦੀ ਰਾਸ਼ੀ ਤੈਅ ਕਰਨ ਵਿੱਚ ਬਰਾਬਰੀ ਲਿਆਉਣ ਲਈ ਨਿਰੇਦਸ਼ ਦਿੱਤੇ ਹਨ ਕਿ ਜਿਸ ਦਿਨ ਮੁਕੱਦਮਾ ਦਾਖਲ ਹੋਵੇਗਾ, ਉਸੇ ਦਿਨ ਤੋਂ ਗੁਜ਼ਾਰੇ ਭੱਤੇ ਦਾ ਭੁਗਤਾਨ ਕੀਤਾ ਜਾਵੇਗਾ।

ਜਸਟਿਸ ਇੰਦੂ ਮਲਹੋਤਰਾ ਤੇ ਜਸਟਿਸ ਆਰ ਸੁਭਾਸ਼ ਰੈਡੀ ਦੇ ਬੈਂਚ ਨੇ ਕਿਹਾ ਕਿ ਓਵਰ ਲੈਪਿੰਗ ਅਧਿਕਾਰ ਖੇਤਰ ਅਤੇ ਆਪਾ ਵਿਰੋਧੀ ਹੁਕਮਾਂ ਦੀ ਸਮੱਸਿਆ ਤੋਂ ਨਿਕਲਣ ਲਈ ਕੁਝ ਨਿਰਦੇਸ਼ ਦੇਣ ਦੀ ਲੋੜ ਸੀ। ਕੋਰਟ ਨੇ ਓਵਰ ਲੈਪਿੰਗ ਅਧਿਕਾਰ ਖੇਤਰ, ਅੰਤ੍ਰਿਮ ਗੁਜ਼ਾਰਾ ਭੱਤੇ ਦਾ ਭੁਗਤਾਨ, ਗੁਜ਼ਾਰਾ ਭੱਤੇ ਦੀ ਰਾਸ਼ੀ ਮਿਥਣ ਦਾ ਆਧਾਰ, ਭੱਤੇ ਦੇ ਭੁਗਤਾਨ ਦੀ ਤਰੀਕ ਦਾ ਨਿਰਧਾਰਨ ਤੇ ਗੁਜ਼ਾਰਾ ਭੱਤੇ ਦੇ ਹੁਕਮਾਂ ’ਤੇ ਅਮਲ ਵਰਗੇ ਬਿੰਦੂਆਂ ਉਤੇ ਨਿਰਦੇਸ਼ ਤੈਅ ਕੀਤੇ ਹਨ।

ਮਹਾਰਾਸ਼ਟਰ ਦੇ ਇੱਕ ਵਿਆਹੁਤਾ ਕੇਸ ਵਿੱਚ ਸੁਪਰੀਮ ਕੋਰਟ ਨੇ ਇਹ ਫੈਸਲਾ ਸੁਣਾਇਆ, ਜਿਸ ਵਿੱਚ ਆਈ ਪੀ ਸੀ ਦੀ ਧਾਰਾ 125 ਹੇਠ ਪਤਨੀ ਤੇ ਬੇਟੇ ਲਈ ਗੁਜ਼ਾਰਾ ਭੱਤੇ ਉੱਤੇ ਸਵਾਲ ਉਠਾਇਆ ਗਿਆ ਸੀ। ਕੋਰਟ ਨੇ ਅਧਿਕਾਰ ਖੇਤਰ ਓਵਰ ਲੈਪਿੰਗ ਹੋਣ ਦੇ ਮੁੱਦੇ ’ਤੇ ਨਿਰਦੇਸ਼ ਦਿੱਤਾ ਕਿ ਜੇ ਕੋਈ ਪੱਖ ਵੱਖ-ਵੱਖ ਕਾਨੂੰਨਾਂ ਹੇਠ ਇੱਕ ਤੋਂ ਬਾਅਦ ਇੱਕ ਦਾਅਵੇ ਕਰੇ ਤਾਂ ਅਦਾਲਤ ਬਾਅਦ ਦੀ ਕਾਰਵਾਈ ਵਿੱਚ ਕਿਸੇ ਤਰ੍ਹਾਂ ਦੀ ਰਕਮ ਤੈਅ ਕਰਦੇ ਸਮੇਂ ਪਹਿਲਾਂ ਦੀ ਕਾਰਵਾਈ ਵਿੱਚ ਤੈਅ ਰਕਮ ਨੂੰ ਸ਼ਾਮਲ ਕਰੇਗੀ ਜਾਂ ਇਹ ਵੱਖਰੀ ਦੇਵੇਗੀ। ਕੋਰਟ ਨੇ ਕਿਹਾ ਕਿ ਬਿਨੈਕਾਰ ਲਈ ਦੂਜੀ ਕਾਰਵਾਈ ਸ਼ੁਰੂ ਕਰਦੇ ਸਮੇਂ ਪਹਿਲੀ ਕਾਰਵਾਈ ਤੇ ਉਸ ’ਚ ਮਿਲੇ ਹੁਕਮਾਂ ਦੀ ਜਾਣਕਾਰੀ ਦੇਣਾ ਜ਼ਰੂਰੀ ਹੈ। ਜੇ ਪਹਿਲੀ ਕਾਰਵਾਈ ਵਿੱਚ ਦਿੱਤੇ ਹੁਕਮਾਂ ਵਿੱਚ ਕਿਸੇ ਤਰ੍ਹਾਂ ਦੇ ਸੁਧਾਰ ਦੀ ਜ਼ਰੂਰਤ ਹੈ ਤਾਂ ਇਸ ਲਈ ਉਕਤ ਧਿਰ ਨੂੰ ਪਹਿਲੀ ਕਾਰਵਾਈ ਵਾਲੀ ਅਦਾਲਤ ਵਿੱਚ ਜਾਣਾ ਪਵੇਗਾ। ਬੈਂਚ ਨੇ ਕਿਹਾ ਕਿ ਗੁਜ਼ਾਰੇ ਭੱਤੇ ਲਈ ਜਿਸ ਤਰੀਕ ਨੂੰ ਅਰਜ਼ੀ ਦਿੱਤੀ ਜਾਵੇ, ਉਸੇ ਤਰੀਕ ਤੋਂ ਗੁਜ਼ਾਰਾ ਭੱਤੇ ਦਾ ਭੁਗਤਾਨ ਕਰਨਾ ਪਵੇਗਾ। ਭੱਤੇ ਦੀ ਰਕਮ ਤੈਅ ਕਰਦੇ ਸਮੇਂ ਅਦਾਲਤ ਇਸ ਫੈਸਲੇ ਦੇਆਧਾਰਾਂ ’ਤੇ ਵਿਚਾਰ ਕਰੇਗੀ, ਪਰ ਜੇ ਇਹ ਪਹਿਲੂ ਹੀ ਪੂਰੇ ਨਹੀਂ ਤਾਂ ਸਬੰਧਤ ਅਦਾਲਤ ਆਪਣੇ ਵਿਵੇਕ ਦੀ ਵਰਤੋਂ ਕਰਦੇ ਹੋਏ ਕਿਸੇ ਹੋਰ ਪਹਿਲੂ ’ਤੇ ਵੀ ਵਿਚਾਰ ਕਰ ਸਕਦੀ ਹੈ, ਜਿਹੜਾ ਉਸ ਨੂੰ ਕੇਸ ਦੇ ਤੱਥਾਂ ਤੇ ਹਾਲਾਤ ’ਚ ਪ੍ਰਸੰਗਿਕ ਲੱਗਦਾ ਹੋਵੇ। ਅਦਾਲਤ ਨੇ ਕਿਹਾ ਕਿ ਇਹ ਫੈਸਲਾ ਜਾਗਰੂਕਤਾ ਪੈਦਾ ਕਰਨ ਤੇ ਅਮਲ ਲਈ ਸਾਰੀਆਂ ਜ਼ਿਲ੍ਹਾ ਅਦਾਲਤਾਂ, ਫੈਮਲੀ ਅਦਾਲਤਾਂ, ਅਦਾਲਤੀ ਮੈਜਿਸਟਰੇਟਾਂ ਦੀਆਂ ਅਦਾਲਤਾਂ ਦੀ ਵੈਬਸਾਈਟ ’ਤੇ ਦਿਖਾਇਆ ਜਾਵੇਗਾ।




# ਮਿਲਾਨ ਸ਼ਹਿਰ ਵਿਚ ਬੈਂਕ ਕ੍ਰੈਡਿਟ ਐਗਰੀਕੋਲ ਦੀ ਬ੍ਰਾਂਚ ਵਿਚ ਹੋਈ ਲੁੱਟ






ਮਿਲਾਨ (ਇਟਲੀ), 5 ਨਵੰਬਰ (ਪੋਸਟ ਬਿਊਰੋ)- ਇਟਲੀ ਦੇ ਸ਼ਹਿਰ ਮਿਲਾਨ 'ਚ ਲੁਟੇਰਿਆਂ ਨੇ ਮੈਨ-ਹੋਲ ਰਾਹੀਂ ਬੈਂਕ ਕ੍ਰੈਡਿਟ ਐਗਰੀਕੋਲ ਬ੍ਰਾਂਚ ਵਿੱਚ ਵੜਨ ਪਿੱਛੋਂਸੇਫ ਡਿਪਾਜ਼ਿਟ ਬਕਸੇ ਚੋਰੀ ਕੀਤੇ ਅਤੇ ਲੁਟੇਰਿਆਂ ਦਾ ਗੈਂਗ ਸੀਵਰੇਜ ਰਾਹੀਂ ਇਹ ਸੇਫ ਡਿਪਾਜ਼ਿਟ ਦੇ ਬਕਸੇ ਲੈ ਕੇ ਫਰਾਰ ਹੋ ਗਿਆ।

ਮੀਡੀਆ ਰਿਪੋਰਟਾਂ ਅਨੁਸਾਰ ਯੋਜਨਾ-ਬੱਧ ਢੰਗ ਨਾਲ ਮੰਗਲਵਾਰ ਸਵੇਰੇ 8.30 ਵਜੇ ਲੁਟੇਰਿਆਂ ਨੇ ਇਹ ਲੁੱਟ ਕੀਤੀ। ਦੋ ਲੁਟੇਰੇ ਪਿਆਸਾ ਏਸਕੋਲੀ ਵਿਖੇ ਬੈਂਕ ਕ੍ਰੈਡਿਟ ਐਗਰੀਕੋਲ ਬ੍ਰਾਂਚ ਦੇ ਮੇਨ ਗੇਟ ਵੱਲ ਗਏ ਅਤੇ ਸਟਾਫ ਉੱਤੇ ਪਿਸਤੌਲ ਦੀ ਨੋਕ ਤਾਣ ਲਈ। ਫਿਰ ਬੈਂਕ ਅੰਦਰ ਕੰਮ ਕਰਦੇ ਤਿੰਨ ਕਰਮਚਾਰੀਆਂ ਨੂੰ ਧਮਕਾਇਆ ਤੇ ਉਨ੍ਹਾਂ ਵਿੱਚੋਂ ਇੱਕ ਨੂੰ ਬੰਦੀ ਬਣਾ ਕੇ ਇੱਕ ਜਣਾ ਬਾਹਰ ਦੌੜਨ ਵਿੱਚ ਸਫਲ ਹੋ ਗਿਆ। ਫਿਰ ਲੁਟੇਰਿਆਂ ਦੇ ਦੋ ਸਾਥੀ ਬੈਂਕ ਦੇ ਅੰਦਰ ਉਸ ਮੈਨ-ਹੋਲ ਤੋਂ ਨਿਕਲੇ, ਜਿਹੜਾ ਇੱਕ ਅੰਡਰ-ਗਰਾਊਂਡ ਸੁਰੰਗ ਨਾਲ ਜੁੜਦਾ ਹੈ। ਇਸ ਦੌਰਾਨ ਦਰਜਨਾਂ ਪੁਲਸ ਵਾਲਿਆਂ ਨੇ ਬੈਂਕ ਨੂੰ ਘੇਰ ਲਿਆ ਅਤੇ ਅੰਦਰ ਜਾਣ ਤੋਂ ਪਹਿਲਾਂ ਇਲਾਕਾ ਸੀਲ ਕਰ ਦਿੱਤਾ, ਪਰ ਲੁਟੇਰਿਆਂ ਨੇ ਅੱਗ ਬੁਝਾਊ ਯੰਤਰ ਚਾਲੂ ਕਰ ਦਿੱਤਾ, ਜਿਸ ਨਾਲ ਬੈਂਕ ਵਿੱਚ ਧੂੰਆਂ ਹੋ ਗਿਆ ਅਤੇ ਉਹ ਸੀਵਰੇਜ਼ ਵਿੱਚ ਦੀ ਫਰਾਰ ਹੋ ਗਏ। ਲੁਟੇਰਿਆਂ ਨੇ 20 ਸੇਫ ਡਿਪਾਜ਼ਿਟ ਬਕਸੇ ਲੁੱਟ ਲਏ, ਜਿਸ ਬਾਰੇ ਪੁਲਸ ਦੀ ਜਾਂਚ ਜਾਰੀ ਹੈ।

# ਸਿੰਧ ਵਿੱਚ ਮੁਸਲਮਾਨਾਂ ਨੇ ਹਿੰਦੂ ਪਰਵਾਰਾਂ ਨੂੰ ਭੀੜ ਦੀ ਮਾਰਤੋਂ ਬਚਾਇਆ

ਕਰਾਚੀ, 5 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਇੱਕ ਹਿੰਦੂ ਮੰਦਰ ਦੀ ਭੀੜ ਵੱਲੋਂ ਭੰਨ-ਤੋੜ ਦੇ ਦੌਰਾਨ 300 ਹਿੰਦੂ ਪਰਵਾਰਾਂ ਨੂੰ ਮੁਸਲਿਮ ਭਾਈਚਾਰੇ ਨੇ ਜਨੂੰਨੀ ਭੀੜ ਨੂੰ ਰੋਕ ਕੇ ਬਚਾ ਲਿਆ। ਇੱਕ ਮੀਡੀਆ ਰਿਪੋਰਟ ਮੁਤਾਬਕ ਐਤਵਾਰ ਨੂੰ ਸ਼ੀਤਲ ਦਾਸ ਖੇਤਰ ਵਿੱਚ, ਜਿੱਥੇ 300 ਹਿੰਦੂ ਤੇ ਤੀਹ ਮੁਸਲਿਮ ਪਰਵਾਰ ਰਹਿੰਦੇ ਹਨ, ਵਿੱਚ ਵੱਡੀ ਗਿਣਤੀ ਮਰਦ ਰਿਹਾਇਸ਼ੀ ਇਲਾਕੇ ਦੇ ਗੇਟ ਉਤੇ ਇੱਕਠੇ ਹੋ ਗਏ ਤੇ ਉਨ੍ਹਾਂ ਦਾ ਮੰਤਵ ਹਿੰਦੂ ਪਰਵਾਰਾਂ ਨੂੰ



ਨਿਸ਼ਾਨਾ ਬਣਾਉਣਾ ਸੀ। ਇਸ ਇਲਾਕੇ ਦੇ ਆਲੇ ਦੁਆਲੇ ਰਹਿੰਦੇ ਮੁਸਲਿਮ ਪਰਵਾਰ ਮੌਕੇ 'ਤੇ ਇਕੱਠੇ ਹੋਏ ਤੇ ਉਨ੍ਹਾਂ ਭੀੜ ਨੂੰ ਅੰਦਰ ਦਾਖਲ ਹੋਣ ਤੋਂ ਰੋਕ ਲਿਆ। 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਪੁਲਸ ਵੀ ਮੌਕੇ ਉਤੇ ਪਹੁੰਚ ਗਈ। ਇਸੇ ਦੌਰਾਨ ਕੁਝ ਲੋਕ ਮੰਦਰ ਤੱਕ ਪਹੁੰਚ ਗਏ ਤੇ ਇਸ ਨੂੰ ਨੁਕਸਾਨ ਪ੍ਰਾਇਆ। ਮੌਕੇ 'ਤੇ ਮੌਜੂਦ ਕੁਝ ਲੋਕਾਂ ਦਾ ਕਹਿਣਾ ਹੈ ਕਿ ਮੰਦਰ ਵਿੱਚ ਰੱਖੀਆਂ ਕੁਝ ਪ੍ਰਾਚੀਨ ਮੂਰਤੀਆਂ ਨੁਕਸਾਨੀਆਂ ਗਈਆਂ ਹਨ। ਘਟਨਾ ਤੋਂ ਬਾਅਦ ਬਹੁਤ ਸਹਿਮੇ ਹੋਏ 60 ਹਿੰਦੂ ਪਰਵਾਰ ਸ਼ਹਿਰ ਦੇ ਹੋਰ ਇਲਾਕਿਆਂ ਵਿੱਚ ਚਲੇ ਗਏ ਹਨ। ਘਰ ਛੱਡ ਕੇ ਉਹ ਔਰਤਾਂ ਤੇ ਬੱਚਿਆਂ ਨੂੰ ਨਾਲ ਲੈ ਕੇ ਜਿੱਥੇ ਸੁਰੱਖਿਅਤ ਮਹਿਸੂਸ ਲੱਗਦਾ ਹੈ, ਉਧਰ ਨੂੰ ਜਾ ਰਹੇ ਹਨ।

# ਪਾਕਿਸਤਾਨ 'ਚ ਕੱਟੜ ਪੰਥੀਆਂ ਵੱਲੋਂ ਤੀਜੇ ਹਿੰਦੂ ਮੰਦਰ ਵਿੱਚ ਭੰਨ ਤੋੜ



ਪੇਸ਼ਾਵਰ, 5 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਹਿੰਦੂਆਂ ਅਤੇ ਉਨ੍ਹਾਂ ਦੇ ਮੰਦਰਾਂ 'ਤੇ ਹੋ ਰਹੇ ਹਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਸਿੰਧ ਸੂਬੇ ਦੇ ਥਾਰਪਾਰਕਰ ਜ਼ਿਲ੍ਹੇ ਵਿੱਚ ਨਾਗਰ ਪਾਰਕਰ ਵਿੱਚ ਮੰਦਰ ਦੀ ਭੰਨਤੋੜ ਤੋਂ ਬਾਅਦ ਕਰਾਚੀ ਵਿੱਚ ਕੱਟੜਪੰਥੀਆਂ ਦੀ ਭੀੜ ਨੇ ਪ੍ਰਾਚੀਨ ਮੰਦਰ ਵਿੱਚ ਬੁਰੀ ਤਰ੍ਹਾਂ ਭੰਨ ਤੋੜ ਕੀਤੀ ਹੈ।

ਲਯਾਰੀ ਇਲਾਕੇ ਵਿੱਚ ਹੋਈ ਇਸ ਘਟਨਾ ਵਿੱਚ ਕੱਟੜ ਪੰਥੀਆਂ ਦੀ ਭੀੜ ਨੇ ਪਹਿਲਾਂ ਹਿੰਦੂਆਂ 'ਤੇ ਅੱਲ੍ਹਾ ਦੀ ਤੌਹੀਨ ਕਰਨ ਦਾ ਦੋਸ਼ ਲਾਇਆ ਅਤੇ ਬਾਅਦ ਵਿੱਚ ਕੁਝ ਲੋਕਾਂ ਨੇ ਪ੍ਰਾਚੀਨ ਮੰਦਰ ਵਿੱਚ ਭੰਨ ਤੋੜ ਕੀਤੀ। ਇਸ ਦੌਰਾਨ ਮੰਦਰ ਵਿੱਚ ਰੱਖੀ ਭਗਵਾਨ ਗਣੇਸ਼ ਅਤੇ ਸ਼ਿਵ ਦੀ ਮੂਰਤੀ ਨੂੰ ਕੱਟੜ ਪੰਥੀਆਂ ਨੇ ਤੋੜ ਦਿੱਤਾ। ਉਨ੍ਹਾਂ ਨੇ ਬਿਨਾਂ ਕਿਸੇ ਠੋਸ ਸਬੂਤ ਦੇ ਹਿੰਦੂ ਬੱਚੇ 'ਤੇ ਅੱਲ੍ਹਾ ਦੀ ਤੌਹੀਨ ਦਾ ਦੋਸ਼ ਲਾਇਆ ਸੀ।

ਹਿੰਦੂ ਭਾਈਚਾਰੇ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਮੰਦਰ ਕਰਾਚੀ ਦੇ ਭੀਮਪੁਰਾ ਇਲਾਕੇ ਦੀ ਲੀ ਮਾਰਕਿਟ ਵਿੱਚ ਸੀ। ਮੰਦਰ ਦੇ ਅੰਦਰ ਲੱਗੀਆਂ ਭਗਵਾਨ ਦੀਆਂ ਤਸਵੀਰਾਂ ਨੂੰ ਵੀ ਪਾੜ ਦਿੱਤਾ ਗਿਆ। ਪਿਛਲੇ 20 ਦਿਨਾਂ ਵਿੱਚ ਹਿੰਦੂ ਮੰਦਰਾਂ ਵਿੱਚ ਭੰਨ ਤੋੜ ਦੀ ਇਹ ਤੀਜੀ ਘਟਨਾ ਹੈ।ਮੰਦਰ ਦੇ ਨੇੜੇ ਰਹਿਣ ਵਾਲੇ ਹਿੰਦੂ ਭਾਈਚਾਰੇ ਨੇ ਇਸ ਘਟਨਾ 'ਤੇ ਗੁੱਸਾ ਪ੍ਰਗਟ ਕਰਦੇ ਹੋਏ ਦੋਸ਼ੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਹਿੰਦੂ ਭਾਈਚਾਰੇ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਸਹਿਣ ਯੋਗ ਹਨ।

# ਸਕਾਟਲੈਂਡ ਵਿੱਚ ਨਸ਼ਾ ਸਮੱਗਲਿੰਗ ਕਰਨ ਦੇ ਦੋਸ਼ ਹੇਠ ਦੋ ਸਕੂਲੀ ਬੱਚੇ ਗ੍ਰਿਫਤਾਰ




ਗਲਾਸਗੋ, 5 ਨਵੰਬਰ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਨਸ਼ਿਆਂ ਨੇ ਅਜੋਕੀ ਪੀੜ੍ਹੀ ਨੂੰ ਜਾਲ ਵਿੱਚ ਫਸਾ ਲਿਆ ਹੈ। ਬਹੁਤ ਸਾਰੇ ਬੱਚੇ ਵੀ ਇਸ ਦੀ ਪਕੜ ਵਿੱਚ ਆ ਚੁੱਕੇ ਹਨ। ਸਕਾਟਲੈਂਡ ਦੇ ਦੋ ਸਕੂਲੀ ਬੱਚਿਆਂ ਨੂੰ ਫਾਲਕਰੀਕ ਵਿੱਚ ਐਮ ਡੀ ਐਮ ਏ ਦੀਆਂ ਨਸ਼ੀਲੀਆਂ ਦਵਾਈਆਂ ਵੇਚਣ ਦਾ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਦੋ ਟਿਕਾਣਿਆਂ ਉੱਤੇ ਛਾਪਾ ਮਾਰ ਕੇ ਗੋਲੀਆਂ ਅਤੇ ਠੋਸ ਬਲਾਕਾਂ ਨੂੰ ਬਰਾਮਦ ਕੀਤਾ, ਜਿਨ੍ਹਾਂ ਦੀ ਕੀਮਤ ਲਗਭਗ 2000 ਪੌਂਡ ਹੈ। ਇਸ ਤਲਾਸ਼ੀ ਦੇ ਸੰਬੰਧ ਵਿੱਚ 13 ਅਤੇ 15 ਸਾਲ ਦੇ ਦੋ ਬੱਚਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਫਾਲਕਰੀਕ ਦੇ ਏਰੀਆ ਕਮਾਂਡਰ ਚੀਫ ਇੰਸਪੈਕਟਰ ਕ੍ਰਿਸ ਸਟੀਵਰਟ ਮੁਤਾਬਕ ਇਸ ਖੇਤਰ ਵਿੱਚ ਇਸ ਉਮਰ ਦੇ ਬੱਚਿਆਂ ਤੋਂ ਨਸ਼ਿਆਂ ਮਿਲਣਾ ਅਸਾਧਾਰਨ ਹੈ।ਅਧਿਕਾਰੀਆਂ ਦੇ ਮੁਤਾਬਕ ਇਹ ਇੱਕ ਖੁਫੀਆ ਜਾਣਕਾਰੀ ਵਾਲੀ ਕਾਰਵਾਈ ਸੀ। ਪੁਲਸ ਬੁਲਾਰੇ ਦਾ ਕਹਿਣਾ ਹੈ ਕਿ ਨਸ਼ਾ ਤਸਕਰ ਆਪਣੇ ਸਾਮਾਨ ਦੀ ਵਿਕਰੀ ਕਰਨ ਲਈ ਬੱਚਿਆਂ ਜਾਂ ਪਹਿਲਾਂ ਹੀ ਅਪਰਾਧੀ ਪਿਛੋਕੜ ਵਾਲੇ ਲੋਕਾਂ ਦਾ ਸਹਾਰਾ ਲੈਂਦੇ ਹਨ। ਸਕੂਲੀ ਬੱਚਿਆਂ ਦਾ ਅਜਿਹੇ ਗੈਰ ਕਾਨੂੰਨੀ ਕੰਮ ਵਿੱਚ ਸ਼ਾਮਲ ਹੋਣਾ ਦੁਖਦਾਈ ਹੈ।

# ਚੀਨ ਨੇ ਪੂਰਬੀ ਤੁਰਕਿਸਤਾਨ ਦੀ ਡੈਮੋਗ੍ਰਾਫੀ ਬਦਲ ਕੇ ਇਸ ਦੀ ਥਾਂ 'ਸ਼ਿਨਾਜਿਆਂਗ' ਬਣਾਇਆ

ਪੇਈਚਿੰਗ, 5 ਨਵੰਬਰ (ਪੋਸਟ ਬਿਊਰੋ)- ਪੂਰਬੀ ਤੁਰਕਿਸਤਾਨ 18ਵੀਂ ਸਦੀ ਵਿੱਚ ਚੀਨੀ ਕਬਜ਼ੇ 'ਚ ਆ ਗਿਆ ਸੀ, ਜਦੋਂ ਮੰਚੂ ਸਾਮਰਾਜ ਦੇ ਕਿੰਗ ਰਾਜਵੰਸ਼ ਨੇ ਇਸ ਨੂੰ ਰੱਦ ਕਰ ਦਿੱਤਾ ਸੀ, ਪਰ ਇਹ ਕਦੇ ਵੀ ਪੂਰੀ ਤਰ੍ਹਾਂ ਨਾਲ ਨਹੀਂ ਦਬਿਆ ਅਤੇ ਦਸੰਬਰ 1949 ਵਿੱਚ ਚੀਨੀ ਹਮਲੇ ਤੱਕ ਇਸ ਨੂੰ ਇੱਕ ਆਜ਼ਾਦ ਰਾਜ ਮੰਨਿਆ ਗਿਆ ਸੀ। ਚੀਨੀ ਪੂਰਬੀ ਤੁਰਕਿਸਤਾਨ 'ਤੇ ਆਪਣਾ ਦਾਅਵਾ ਕਰਦੇ ਹਨ, ਭਾਵੇਂ ਉਹ ਖੁਦ ਮੰਚੂ ਨੂੰ ਬਾਹਰੀ ਤੇ ਅਸੱਭਿਆ ਲੋਕ ਮੰਨਦੇ ਸਨ। ਉਨ੍ਹਾਂ ਦਾ ਦਾਅਵਾ ਕਿੰਗ ਰਾਜਵੰਸ਼ ਵੱਲੋਂ ਖੇਤਰ ਦੇ ਹਮਲੇ 'ਤੇ ਆਧਾਰਿਤ ਹੈ।

ਬਾਅਦ ਵਿੱਚ ਚੀਨ ਨੇ ਪੂਰਬੀ ਤੁਰਕਿ-ਸਤਾਨ ਦੀ ਡੈਮੋਗ੍ਰਾਫੀ ਨੂੰ ਬਦਲ ਕੇ 'ਸ਼ਿਨਜਿਆਂਗ' ਬਣਾ ਦਿੱਤਾ ਹੈ। ਪੂਰਬੀ ਤੁਰਕਿਸਤਾਨ ਦਾ ਨਵਾਂ ਨਾਂਅ 'ਸ਼ਿਨਜਿਆਂਗ' ਹੈ। ਚੀਨ ਪੂਰਬੀ ਤੁਰਕਿਸਤਾਨ ਦੇ ਆਪਣੇ ਕਬਜ਼ੇ ਦੇ ਸੱਚ



ਨੂੰ ਦੁਨੀਆ ਦੇ ਬਾਕੀ ਹਿੱਸਿਆਂ ਨਾਲੋਂ ਸਥਾਨਕ ਆਬਾਦੀ ਨੂੰ ਹਟਾਉਣ ਅਤੇ ਇੱਕ ਕਾਲਪਨਿਕ ਕਹਾਣੀ ਫੈਲਾਉਣ 'ਚ ਸਫਲ ਰਿਹਾ ਹੈ ਕਿ ਜ਼ਮੀਨ ਉਨ੍ਹਾਂ ਦੇ ਵੱਡਿਆਂਵੱਲੋਂ ਵਿਰਾਸਤ ਵਿੱਚ ਮਿਲੀ ਸੀ। ਚੀਨ ਉਥੋਂ ਦੀ ਵੱਧਤੋਂਵੱਧ ਚੀਨੀ ਆਬਾਦੀ ਨੂੰ ਤਬਦੀਲ ਕਰ ਕੇ ਇਸ ਖੇਤਰ ਦੀ ਡੈਮੋਗ੍ਰਾਫੀ ਢਾਂਚੇ 'ਚ ਤਬਦੀਲੀ ਕਰ ਰਿਹਾ ਹੈ। ਸਥਾਨਕ ਲੋਕਾਂ ਵੱਲੋਂ ਜ਼ਬਰਨ ਦੁਨੀਆ ਨਾਲੋਂ ਕੱਟ ਦਿੱਤੇ ਜਾਣ ਨਾਲ ਪੂਰਬੀ ਤੁਰਕਿਸਤਾਨ ਨਾ ਸਿਰਫ ਆਪਣੀ ਆਜ਼ਾਦੀ ਗੁਆ ਚੁੱਕਾ ਹੈ, ਸਗੋਂ ਹੌਲੀ-ਹੌਲੀ ਆਪਣੀ ਪਛਾਣ ਵੀ ਗੁਆ ਰਿਹਾ ਹੈ।

# ਆਸਟ੍ਰੇਲੀਆ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

ਮੈਲਬੌਰਨ, 5 ਨਵੰਬਰ (ਪੋਸਟ ਬਿਊਰੋ)- ਇਕ ਪੰਜਾਬੀ ਨੌਜਵਾਨ ਦੀ ਇੱਥੇ ਸੜਕ ਹਾਦਸੇ 'ਚ ਮੌਤ ਹੋ ਗਈ। ਭੁਪਿੰਦਰ ਸਿੰਘ ਬੌਬੀ (25) ਆਪਣੇ ਕੰਮ ਤੋਂ ਮੋਟਰ ਸਾਈਕਲ 'ਤੇ ਜਾ ਰਿਹਾ ਸੀ ਕਿ ਅਚਾਨਕ ਰਾਹ 'ਚ ਉਸ ਦੀ ਟਰੱਕ ਨਾਲ ਟੱਕਰ ਹੋ ਗਈ ਅਤੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਦਮ ਤੋੜ ਗਿਆ ਉਹ ਆਪਣੀ ਪਤਨੀ ਅਤੇ 3 ਸਾਲਾਂ ਦੀ ਬੇਟੀ ਨਾਲ ਇੱਥੇ ਰਹਿ ਰਿਹਾ ਸੀ। ਉਹ ਕਿੱਤੇ ਵਜੋਂ ਟਰੱਕ ਡਰਾਈਵਰ ਸੀ ਅਤੇ ਮੋਟਰ ਸਾਈਕਲ ਚਲਾਉਣ ਦਾ ਸ਼ੌਕੀਨ ਸੀ। ਉਸ ਦਾ ਭਰਾ ਜੋ ਕਿ ਨਿਊਜ਼ੀਲੈਂਡ 'ਚ ਰਹਿੰਦਾ ਹੈ, ਦੇ ਅਨੁਸਾਰ ਉਹ ਬਹੁਤ ਮਿਹਨਤੀ ਅਤੇ ਵਧੀਆ ਡਰਾਈਵਰ ਸੀ। ਉਸ ਨੇ ਕਿਹਾ ਕਿ ਯਕੀਨ ਨਹੀਂ ਹੁੰਦਾ ਕਿ ਕਿਸ ਤਰ੍ਹਾਂ ਉਸ ਦੀ ਸੜਕ ਹਾਦਸੇ 'ਚ ਮੌਤ ਹੋ ਗਈ।



ਮ੍ਰਿਤਕ ਪੰਜਾਬ ਦੇ ਨਵਾਂ ਸ਼ਹਿਰਜ਼ਿਲ੍ਹੇ ਦਾ ਵਾਸੀ ਸੀ ਅਤੇ ਉਹ ਕਾਫ਼ੀ ਸਾਲ ਪਹਿਲਾਂ ਇੱਥੇ ਵਿਦਿਆਰਥੀ ਵੀਜ਼ੇ 'ਤੇ ਆਇਆ ਸੀ। ਪੜ੍ਹਾਈ ਖ਼ਤਮ ਕਰਕੇ ਉਸ ਨੇ ਇੱਥੇ ਪੀ ਆਰ ਲਈ ਸੀ। ਉਹ ਪਹਿਲਾਂ ਸ਼ੈਫ ਵਜੋਂ ਕੰਮ ਕਰਦਾ ਰਿਹਾ ਸੀ। ਉਸ ਦੇ ਕਰੀਬੀ ਦੋਸਤਾਂ ਨੇ ਦੱਸਿਆ ਕਿ ਭੁਪਿੰਦਰ ਸਿੰਘ ਮੋਟਰ ਸਾਈਕਲਾਂ ਦਾ ਸ਼ੌਕੀਨ ਸੀ ਅਤੇ ਉਹ ਹਮੇਸ਼ਾ ਨਵੇਂ-ਨਵੇਂ ਮਾਡਲਾਂ ਦੀ ਖੋਜ ਕਰਦਾ ਰਹਿੰਦਾ ਸੀ। ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ।

# ਕੁਈਨਜ਼ਲੈਂਡ ਦੇ ਵੋਟਰਾਂ ਦਾ ਆਸਟ੍ਰੇਲੀਅਨ ਲੇਬਰ ਪਾਰਟੀ ਦੇ ਹੱਕ 'ਚ ਫਤਵਾ

ਬ੍ਰਿਸਬੇਨ, 5 ਨਵੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਸੂਬਾ ਕੁਈਨਜ਼ਲੈਂਡ ਦੇ ਚੋਣ ਕਮਿਸ਼ਨ ਨੇ 57ਵੀਂ ਪਾਰਲੀਮੈਂਟ (ਵਿਧਾਨ ਸਭਾ) ਦੀਆਂ 93 ਸੀਟਾਂ ਲਈ 31 ਅਕਤੂਬਰ ਨੂੰ ਆਮ ਚੋਣਾਂ ਕਰਵਾਈਆ ਹਨ। ਇਨ੍ਹਾਂ ਚੋਣਾਂ 'ਚ ਮੌਜੂਦਾ ਸੱਤਾਧਾਰੀ ਲੇਬਰ ਪਾਰਟੀ ਦੀ ਪ੍ਰੀਮੀਅਰ ਐਨਾਸ਼ਟੇਸ਼ੀਆ ਪਾਲਾਸ਼ਾਈ ਦੀ ਆਪਣੀ ਪਾਰਟੀ ਦੀ ਇਤਿਹਾਸਕ ਜਿੱਤ ਨਾਲਦੂਜੇ ਵਿਸ਼ਵ ਯੁੱਧ ਤੋਂ ਬਾਅਦ ਕੁਈਨਜ਼ਲੈਂਡ ਦੀ ਸਭ ਤੋਂ ਲੰਬੇ ਸਮੇਂ ਤੋਂ ਸੇਵਾ ਕਰਦੀ ਲੇਬਰ ਪਾਰਟੀ ਦੀ ਪ੍ਰੀਮੀਅਰ ਬਣਨ ਜਾ ਰਹੀ ਹੈ। ਉਹ ਲਗਾਤਾਰ ਤਿੰਨ ਚੋਣਾਂ ਜਿੱਤਣ ਵਾਲੀ ਆਸਟਰੇਲੀਆ ਦੀ ਪਹਿਲੀ ਮਹਿਲਾ ਪ੍ਰੀਮਿਅਰ ਹੈ।

ਲੇਬਰ ਪਾਰਟੀ ਦੀ ਜਿੱਤ ਉੱਤੇ ਐਨਾਸ਼ਟੇਸ਼ੀਆ ਪੈਲਾਸ਼ਾਈ ਨੇ ਸੂਬੇ ਦੇ ਵੋਟਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਉਨ੍ਹਾਂਦੇ ਕੀਤੇ




ਕੰਮਾਂ ਕਰਕੇ ਲੇਬਰ ਪਾਰਟੀ ਨੂੰ ਮੁਕੰਮਲ ਬਹੁਮਤ ਨਾਲ ਪਾਰਲੀਮੈਂਟ 'ਚ ਭੇਜਿਆ ਹੈ। ਲੇਬਰ ਪਾਰਟੀ ਨੇ 50 ਸੀਟਾਂ ਉੱਤੇ ਜਿੱਤ ਦਰਜ ਕੀਤੀ ਹੈ। ਵਿਰੋਧੀ ਧਿਰ ਲਿਬਰਲ ਨੈਸ਼ਨਲ ਪਾਰਟੀ ਨੂੰ 31 ਸੀਟਾਂ ਹੀ ਮਿਲੀਆਂ ਹਨ। ਗਰੀਨ ਪਾਰਟੀ ਨੂੰ ਦੋ, ਪੌਲੀਨ ਹੈਂਸਨ ਦੀ ਵੰਨ ਨੇਸ਼ਨ ਪਾਰਟੀ ਨੂੰ 1, ਕੈਟਰ ਪਾਰਟੀ ਨੂੰ 2 ਅਤੇ 1 ਸੀਟ 'ਤੇ ਆਜ਼ਾਦ ਉਮੀਦਵਾਰ ਨੇ ਜਿੱਤ ਦਰਜ ਕੀਤੀ ਹੈ। ਗਰੀਨ ਪਾਰਟੀ ਦੇ ਉਮੀਦਵਾਰ ਐਮੀ ਮੈਕਮਾਨ ਨੇ ਸਾਊਥ ਬ੍ਰਿਸਬੇਨ 'ਚ ਵੱਡਾ ਉਲਟਫੇਰ ਕਰਦਿਆਂ ਸਾਬਕਾ ਪ੍ਰੀਮੀਅਰ ਜੈਕੀ ਟ੍ਰਾਡ ਨੂੰ ਲੱਗਭਗ 1000 ਵੋਟਾਂ ਨਾਲ ਹਰਾਇਆ ਹੈ।

ਇਨ੍ਹਾਂ ਚੋਣਾਂ ਦਾ ਮੁੱਖ ਮੁੱਦਾ ਪ੍ਰੀਮੀਅਰ ਵੱਲੋਂ ਕੁਈਨਜਲੈਂਡ ਸੂਬੇ ਦੇ ਬਾਰਡਰ ਨਾ ਖੋਲ੍ਹਣਾ ਰਿਹਾ। ਤਿੰਨੇ ਭਾਰਤੀ ਉਮੀਦਵਾਰ ਆਪਣੀ ਸੀਟ ਨਹੀਂ ਜਿੱਤ ਸਕੇ। ਪਾਰਟੀ ਹੈਡਕੁਆਰਟਰ ਵਿਖੇ ਸਮਰਥਕਾਂ ਨੂੰ ਸੰਬੋਧਿਤ ਕਰਦਿਆਂ ਸ੍ਰੀਮਤੀ ਪਾਲਾਸ਼ਾਈ ਨੇ ਮੰਨਿਆ ਕਿ ਇਹ ਸਾਲ ਬਹੁਤ ਸਾਰੇ ਲੋਕਾਂ ਲਈ ਆਸਾਨ ਨਹੀਂਸੀ, ਪਰ ਕੋਵਿਡ-19 ਦੌਰਾਨ ਕੁਈਨਜ਼ਲੈਂਡ ਦੀਆਂ ਸਿਹਤ ਤੇ ਸਰਹੱਦੀ ਨੀਤੀਆਂ ਨੂੰ ਲੋਕਾਂ ਨੇ ਸਮਰਥਨ ਦਿੱਤਾ ਹੈ। ਉਸ ਨੇ ਸਾਬਕਾ ਨੀਤੀ ਅਤੇ ਮੀਡੀਆ ਸਲਾਹਕਾਰ ਦੀ ਸੇਵਾ ਨਿਭਾਉਣ ਉਪਰੰਤ 2006 'ਚ ਆਪਣੇ ਪਿਤਾ ਦੀ ਇਨਾਲਾ ਦੀ ਸੀਟ ਤੋਂ ਜਿੱਤ ਕੇ ਰਾਜਨੀਤਿਕ ਜੀਵਨ ਦੀ ਸ਼ੁਰੂਆਤ ਕੀਤੀ ਸੀ ਅਤੇ ਅੱਗੇ ਵਧਦੀ ਜਾ ਰਹੀ ਹੈ।

# ਸਭ ਤੋਂ ਲੰਮਾ ਸਮਾਂ ਕੋਰੋਨਾ ਪੀੜਤ ਰਿਹਾ ਭਾਰਤੀ ਤੰਦਰੁਸਤ ਹੋ ਕੇ ਘਰ ਪਹੁੰਚਿਆ

ਲੰਡਨ, 5 ਨਵੰਬਰ (ਪੋਸਟ ਬਿਊਰੋ)- ਭਾਰਤੀ ਮੂਲ ਦੇ ਲੰਡਨ ਦੇ ਵਾਸੀ 63 ਸਾਲਾ ਅਨਿਲ ਪਟੇਲ ਨੇ ਲੱਗਭਗ ਛੇ ਮਹੀਨੇ ਦੇ ਸਮੇਂ ਬਾਅਦ ਕੋਰੋਨਾ ਵਾਇਰਸ ਨੂੰ ਹਰਾਇਆ ਹੈ। ਅਨਿਲ ਪਟੇਲ 179 ਦਿਨ ਹਸਪਤਾਲ ਰਹਿ ਕੇ ਇਲਾਜ ਕਰਵਾਉਣ ਉਪਰੰਤ ਘਰ ਪਹੁੰਚਿਆ ਹੈ। ਘਰ ਪਹੁੰਚ ਕੇ ਅਨਿਲ ਨੇ ਕਿਹਾ ਕਿ ਉਹ ਅਰਾਮ ਮਹਿਸੂਸ ਕਰ ਰਿਹਾ ਹੈ ਅਤੇ ਘਰ ਵਿੱਚ ਆਪਣੀ ਪਤਨੀ ਦਰਸ਼ੀ ਦੇ ਹੱਥ ਦੀ ਬਣੀ ਖਿਚੜੀ ਦਾ ਅਨੰਦ ਲੈ ਰਿਹਾ ਹੈ।

ਅਨਿਲ ਨੇ ਕਿਹਾ ਕਿ ਉਹ ਇਸ ਵੇਲੇ ਬਹੁਤ ਖੁਸ਼ ਹੈ ਕਿ ਉਸ ਨੇ ਆਪਣੀ ਛੋਟੀ ਬੇਟੀ ਅਨੀਕਾ ਦਾ 29ਵਾਂ ਜਨਮ ਦਿਨ ਮਨਾਇਆ ਹੈ ਤੇ ਘਰ ਚੈਨ ਦੀ ਨੀਂਦ ਸੌਂਦਾ ਹੈ। ਲੰਡਨ ਦੇ ਇਲਾਕੇ



ਚੈਡਵਿੱਲ ਹੀਥ ਦੇ ਰਹਿਣ ਵਾਲੇ ਅਨਿਲ ਪਟੇਲ ਨੂੰ ਅਪ੍ਰੈਲ ਵਿੱਚ ਭਰਤੀ ਕੀਤਾ ਗਿਆ ਸੀ, ਉਸ ਨੂੰ ਗੁੱਡਮੇਅਸ ਹਸਪਤਾਲ ਭਰਤੀ ਹੋਣ ਤੋਂ ਪਹਿਲਾਂ 149 ਦਿਨ ਕਿੰਗ ਜੌਰਜ ਅਤੇ ਕੁਈਨ ਹਸਪਤਾਲ ਵਿੱਚ ਰੱਖਿਆ ਗਿਆ ਸੀ। ਅਨਿਲ ਨੇ ਕਿਹਾ ਕਿ ਲੰਮਾਂ ਸਮਾਂ ਹਸਪਤਾਲ ਰਹਿਣ ਤੋਂ ਬਾਅਦ ਉਸ ਨੂੰ ਅਹਿਸਾਸ ਹੋਇਆ ਹੈ ਕਿ ਸਿਹਤ ਵਿਭਾਗ ਦੇ ਕਾਮੇਂ ਲੋਕਾਂ ਦੀ ਸੰਭਾਲ ਲਈ ਕਿੰਨੀ ਮਿਹਨਤ ਕਰਦੇ ਹਨ।

**ਸਿਆਟਲ ਦੇ ਗੁਰਦੁਆਰੇ 'ਚ ਲੜਾਈ ਦਾ ਮਾਮਲਾ :**

# ਜ਼ਿੰਮੇਵਾਰ ਲੋਕਾਂ 'ਤੇ ਕਮੇਟੀ ਵੱਲੋਂ 5-5 ਸਾਲ ਦੀ ਪਾਬੰਦੀ ਲੱਗੀ

ਸਿਆਟਲ, ਨਵੰਬਰ (ਪੋਸਟ ਬਿਊਰੋ)- ਸਿਆਟਲ ਦੇ ਗੁਰਦੁ-ਆਰਾ ਸਿੰਘ ਸਭਾ ਰੈਂਟਨ ਵਿਖੇ ਬੀਤੇ ਦਿਨੀਂ ਦੋ ਧੜਿਆਂ ਵਿੱਚ ਖੂਨੀ ਲੜਾਈ ਹੋਈ ਸੀ ਅਤੇ ਇਸ ਵਿੱਚ ਕਿਰਪਾਨਾਂ, ਬੇਸਬਾਲਾਂ ਅਤੇ ਕਈ ਹੋਰ ਚੀਜ਼ਾਂ ਦੀ ਵਰਤੋਂ ਕੀਤੀ ਗਈ ਤੇ ਕਾਫ਼ੀ ਲੋਕ ਜ਼ਖ਼ਮੀ ਹੋਏ ਸਨ। ਗੁਰਦੁਆਰਾ ਕਮੇਟੀ ਨੇ ਦੋਵਾਂ ਧੜਿਆਂ ਦੇ ਕਰੀਬ 2 ਦਰਜਨ ਵਿਅਕਤੀਆਂ 'ਤੇ ਗੁਰਦੁਆਰੇ ਅੰਦਰ ਦਾਖ਼ਲ ਹੋਣ 'ਤੇ ਪੰਜ-ਪੰਜ ਸਾਲ ਦੀ ਪਾਬੰਦੀ ਲਾ ਦਿੱਤੀ ਹੈ।

ਇਸ ਪਾਬੰਦੀ ਬਾਰੇ ਹਫ਼ਤਾਵਰੀ ਦੀਵਾਨ ਵਿੱਚ ਸੰਗਤਾਂ ਨੂੰ ਦੱਸਦੇ ਹੋਏ ਕਮੇਟੀ ਦੇ ਸੀਨੀਅਰ ਵਾਈਸ ਪ੍ਰਧਾਨ ਰਾਮ ਸਿੰਘ, ਜਿਨ੍ਹਾਂ ਨੂੰ ਇਸ ਵਕਤ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ



ਦਿੱਤੀਆਂ ਹੋਈਆਂ ਹਨ, ਨੇ ਕਿਹਾ ਕਿ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਕਮੇਟੀ ਨੇ ਇਨ੍ਹਾਂ ਦੋਵਾਂ ਗਰੁੱਪਾਂ ਉੱਤੇ ਪਾਬੰਦੀ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਬੰਦੀ ਲਾਉਣ ਦੀਆਂ ਚਿੱਠੀਆਂ ਸਾਰਿਆਂ ਨੂੰ ਭੇਜੀਆਂ ਜਾ ਰਹੀਆਂ ਹਨ। ਇਸ ਬਾਰੇ ਸੰਗਤਾਂ ਵਿੱਚ ਇੱਕ ਸਵਾਲ ਚਰਚਾ ਵਿੱਚ ਹੈ ਕਿ ਜਿਸ ਦਿਨ ਲੜਾਈ ਹੋਈ, ਉਸ ਦਿਨ ਦੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਕਾਰਡਿੰਗ ਕਿੱਥੇ ਹੈ ਤੇ ਉਹ ਪੁਲਸ ਨੂੰ ਕਿਉਂ ਨਹੀਂ ਦਿੱਤੀ।

# ਲਾਦੇਨ ਨਾਲ ਮੁਲਾਕਾਤ ਕਰਨ ਵਾਲੇ ਪੱਤਰਕਾਰ ਰਾਬਰਟ ਫਿਸਕ ਦਾ ਦਿਹਾਂਤ

ਲੰਡਨ, 5 ਨਵੰਬਰ (ਪੋਸਟ ਬਿਊਰੋ)- ਵਿਸ਼ਵ ਦੇ ਸਭ ਤੋਂ ਖਤਰਨਾਕ ਅੱਤਵਾਦੀ ਓਸਾਮਾ ਬਿਨ ਲਾਦੇਨ ਨਾਲ ਮੁਲਾਕਾਤ ਕਰਨ ਵਾਲੇ ਪੱਤਰਕਾਰ ਰਾਬਰਟ ਫਿਸਟ (74) ਦੀ ਮੌਤ ਹੋ ਗਈ ਹੈ। ਉਨ੍ਹਾਂ ਦੀ ਮੌਤ ਅਧਰੰਗ ਕਾਰਨ ਹੋਈ ਹੈ।

ਰਾਬਰਟ ਨੂੰ ਕੱਲ੍ਹ ਡਬਲਿਨ ਦੇ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ, ਜਿੱਥੇ ਉਸ ਦੀ ਮੌਤ ਹੋਈ ਹੈ। ਰਾਬਰਟ ਦਾ ਜਨਮ 1946 ਨੂੰ ਇੰਗਲੈਂਡ ਦੇ ਕੈਂਟ ਇਲਾਕੇ ਦੇ ਸ਼ਹਿਰ ਮੇਡਸਟੋਨ ਵਿਖੇ ਹੋਇਆ ਸੀ, ਪਰ ਬਾਅਦ ਵਿੱਚ ਉਸ ਨੇ ਆਇਰਲੈਂਡ ਦੀ ਨਾਗਰਿਕਤਾ ਲੈ ਲਈ ਅਤੇ ਡਬਲਿਨ ਵਿਖੇ ਰਹਿਣ ਲੱਗੇ ਸਨ। ਰਾਬਰਟ ਫਿਸਕ ਨੇ ਓਸਾਮਾ ਬਿਨ ਲਾਦੇਨ ਨਾਲ ਤਿੰਨ ਵਾਰ ਮੁਲਾਕਾਤ ਕੀਤੀ ਤੇ ਉਸ ਨੇ ਮਿਡਲ ਈਸਟ ਵਿੱਚ 40 ਸਾਲ ਚੱਲੇ



ਯੁੱਧ ਨੂੰ ਵੀ ਕਵਰ ਕੀਤਾ ਸੀ। ਮਿਡਲ ਈਸਟ ਬਾਰੇ ਕੀਤੀ ਵਿਸ਼ੇਸ਼ ਕਵਰੇਜ਼ ਕਾਰਨ ਫਿਸਕ ਨੂੰ ਕਈ ਬ੍ਰਿਟਿਸ਼ ਅਤੇ ਅੰਤਰ ਰਾਸ਼ਟਰੀ ਇਨਾਮਮਿਲੇ ਸਨ। ਉਨ੍ਹਾਂ ਨੇ ਸੱਤ ਵਾਰ ਬ੍ਰਿਟੇਨ ਦਾ ਸਾਲਾਨਾ ਅੰਤਰ ਰਾਸ਼ਟਰੀ ਪੱਤਰਕਾਰ ਪੁਰਸਕਾਰ ਜਿੱਤਿਆ। ਆਇਰਲੈਂਡ ਦੀ ਰਾਸ਼ਟਰਪਤੀ ਨੇ ਰਾਬਰਟ ਫਿਸਕ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕੀਤਾ ਹੈ।

# ਮਲਬੇ ਵਿੱਚੋਂ 91 ਘੰਟੇ ਪਿੱਛੋਂ ਜ਼ਿੰਦਾ ਬੱਚੀ ਕੱਢੀ ਗਈ

ਇਜਮਿਰ, 5 ਨਵੰਬਰ (ਪੋਸਟ ਬਿਊਰੋ)- ਤੁਰਕੀ ਵਿੱਚ ਆਏ ਭਿਆਨਕ ਭੂਚਾਲ ਨਾਲ ਕਾਫੀ ਨੁਕਸਾਨ ਹੋਇਆ ਹੈ। ਕਈ ਇਮ-ਾਰਤਾਂ ਡਿੱਗ ਗਈਆਂ ਹਨ ਅਤੇ ਮਲਬੇ ਵਿੱਚ ਦੱਬੇ ਲੋਕਾਂ ਨੂੰ ਕੱਢਣ ਦਾ ਕੰਮ ਚੱਲ ਰਿਹਾ ਹੈ।

ਬਚਾਅ ਕਾਰਜਾਂ ਵਿੱਚ ਲੱਗੀ ਟੀਮ ਨੂੰ ਕਿਤੇ-ਕਿਤੇ ਜ਼ਿੰਦਗੀ ਲਈ ਸੰਘਰਸ਼ ਦੇਖਣ ਨੂੰ ਮਿਲ ਰਿਹਾ ਹੈ। ਅਜਿਹੇ ਹੀ ਮਲਬੇ ਵਿੱਚ ਫਸੀ ਇੱਕ ਬੱਚੀ 91 ਘੰਟੇ ਪਿੱਛੋਂ ਜ਼ਿੰਦਾ ਕੱਢ ਲਈ ਗਈ। ਮਲਬੇ ਤੋਂ ਸੁਰੱਖਿਅਤ ਕੱਢਣ ਪਿੱਛੋਂ ਮਿੱਟੀ ਨਾਲ ਭਰੀ ਆਯਦਾ ਗੇਡਿਨ ਨੂੰ ਉਸ ਦੇ ਪਿਤਾ ਨੇ ਗਲੇ ਨਾਲ ਲਗਾ ਲਿਆ। ਰਾਹਤ ਟੀਮ ਦੇ ਇੱਕ ਮੈਂਬਰ ਨੇ ਖੁਸ਼ ਹੋ ਕੇ ਕਿਹਾ ਕਿ ਸਾਨੂੰ ਦੇਖਦੇ ਹੀ ਆਯਦਾ



ਮੁਸਕਰਾਉਣ ਲੱਗੀ, ਏਦਾਂ ਲੱਗਾ ਜਿਵੇਂ ਉਹ ਸਾਡਾ ਇੰਤਜ਼ਾਰ ਕਰ ਰਹੀ ਸੀ। ਵਾਸ਼ਿੰਗ ਮਸ਼ੀਨ ਦੇ ਆਸਰੇ ਵਿੱਚ ਹੋਣ ਕਾਰਨ ਉਹ ਬਚ ਗਈ। ਤੁਰਕੀ ਵਿੱਚ ਸ਼ੁੱਕਰਵਾਰ ਨੂੰ ਆਏ ਭੂਚਾਲ ਨੇ ਭਾਰੀ ਤਬਾਹੀ ਮਚਾਈ ਹੈ। 143 ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹਜ਼ਾਰ ਤੋਂ ਜ਼ਿਆਦਾ ਲੋਕ ਜ਼ਖਮੀ ਹੋਏ ਹਨ। ਇੱਥੇ ਇੱਕ ਦਹਾਕੇ ਪਿੱਛੋਂ ਸਭ ਤੋਂ ਵੱਡਾ ਭੂਚਾਲ ਆਇਆ ਹੈ। ਇਸ ਤੋਂ ਪਹਿਲੇ 2011 ਵਿੱਚ ਆਏ ਭੂਚਾਲ ਵਿੱਚ 500 ਲੋਕਾਂ ਦੀ ਮੌਤ ਹੋ ਗਈ ਸੀ।

# ਅਮਰੀਕੀ ਚੋਣਾਂ : ਭਾਰਤੀ ਮੂਲ ਦੇ ਚਾਰੇ ਡੈਮੋਕ੍ਰੈਟਿਕ ਐੱਮ ਪੀ ਫਿਰ ਜਿੱਤ ਗਏ

ਵਾਸ਼ਿੰਗਟਨ, 5 ਨਵੰਬਰ, (ਪੋਸਟ ਬਿਊਰੋ)- ਅਮਰੀਕੀ ਚੋਣਾਂ ਦੌਰਾਨ ਭਾਰਤੀ-ਅਮਰੀਕੀ ਭਾਈਚਾਰਾ ਪਹਿਲੀ ਵਾਰ ਵੱਡੀ ਤਾਕਤ ਬਣ ਕੇ ਉਭਰਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਡੈਮੋਕ੍ਰੈਟਿਕ ਪਾਰਟੀ ਦੇ ਟਿਕਟ ਉੱਤੇ ਅਮਰੀਕੀ ਕਾਂਗਰਸ ਦੀ ਪ੍ਰਤੀਨਿਧੀ ਸਭਾ ਲਈ ਚੋਣ ਲੜੇ ਭਾਰਤੀ ਮੂਲ ਵਾਲੇ ਚਾਰੇ ਉਮੀਦਵਾਰ ਜਿੱਤ ਗਏ ਹਨ। ਇਨ੍ਹਾਂ ਵਿਚ ਡਾਕਟਰ ਐਮੀ ਬੇਰਾ, ਪ੍ਰਮਿਲਾ ਜੈਪਾਲ, ਰੋਅ ਖੰਨਾ ਅਤੇ ਰਾਜਾ ਕ੍ਰਿਸ਼ਨਾਮੂਰਤੀ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਡੈਮੋਕ੍ਰੈਟਿਕ ਅਤੇ ਰੀਪਬਲਿਕਨ ਦੋਵੇਂ ਪਾਰਟੀਆਂ ਨੇ ਭਾਰਤੀ ਭਾਈਚਾਰੇ ਦੇ 18 ਲੱਖ ਵੋਟਰਾਂ ਨੂੰ ਲੁਭਾਉਣ ਲਈ ਕਈ ਕਦਮ ਚੁੱਕੇ ਸਨ,ਕਿਉਂਕਿ ਫਲੋਰੀਡਾ, ਜਾਰਜੀਆ, ਮਿਸ਼ੀਗਨ, ਨੌਰਥ ਕੈਰੋਲੀਨਾ, ਟੈਕਸਾਸ ਅਤੇ ਪੈਨਸਿਲਵੇਨੀਆ ਵਰਗੇ ਸਖਤ ਮੁਕਾਬਲੇ ਵਾਲੇ ਰਾਜਾਂ ਵਿਚ ਜਿੱਤ ਦੇ ਲਈ ਭਾਈਚਾਰੇ ਦੀਆਂ ਵੋਟਾਂ ਅਹਿਮ ਹਨ। ਭਾਰਤੀ ਮੂਲ ਦੇ ਪਾਰਲੀਮੈਂਟ ਮੈਂਬਰਾਂ ਦੇ ਗਰੁੱਪਾਂ ਨੂੰ ਕ੍ਰਿਸ਼ਨਾਮੂਰਤੀ ਗੈਰ ਰਸਮੀ ਤੌਰ ਉੱਤੇ 'ਸਮੋਸਾ ਕਾਕਸ' ਕਹਿੰਦੇ ਹਨ ਅਤੇ ਇਨ੍ਹਾਂ ਚੋਣਾਂ ਵਿਚ ਇਸ ਗਰੁੱਪ ਵਿਚ ਇਕ ਮੈਂਬਰ ਵਧਣ ਦੀ ਆਸ ਹੈ।'ਸਮੋਸਾ ਕਾਕਸ' ਵਿਚ ਇਸ ਸਮੇਂ ਪੰਜ ਭਾਰਤੀ-ਅਮਰੀਕੀ ਪਾਰਲੀਮੈਂਟ ਮੈਂਬਰ ਹਨ, ਜਿਨ੍ਹਾਂ ਵਿਚ ਚਾਰ ਪ੍ਰਤੀਨਿਧੀ ਸਭਾ ਦੇ ਮੈਂਬਰ ਅਤੇ ਪੰਜਵੀਂ ਸੈਨੇਟਰ ਕਮਲਾ ਹੈਰਿਸ ਹਨ। ਕਮਲਾ ਹੈਰਿਸ ਇਨ੍ਹਾਂ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਵੱਲੋਂ ਉਪ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹਨ।



ਰਾਜਾ ਕ੍ਰਿਸ਼ਨਾਮੂਰਤੀ (47) ਨੇ ਲਿਬਰਟੇਰੀਅਨ ਪਾਰਟੀ ਦੇ ਉਮੀਦਵਾਰ ਪ੍ਰੇਸਟਨ ਨੈਲਸਨ ਨੂੰ ਆਸਾਨੀ ਨਾਲ ਹਰਾ ਦਿੱਤਾ ਹੈ। ਰੋਅ ਖੰਨਾ ਨੇ ਆਪਣੇ ਭਾਰਤੀ ਮੂਲ ਦੇ ਵਿਰੋਧੀ ਤੇ ਰੀਪਬਲਕਿਨ ਪਾਰਟੀ ਦੇ ਉਮੀਦਵਾਰ ਰਿਤੇਸ਼ ਟੰਡਨ (48) ਨੂੰ ਹਰਾਇਆ ਹੈ। ਉਹ ਲਗਾਤਾਰ ਤੀਜੀ ਵਾਰ ਕੈਲੀਫੋਰਨੀਆ ਦੇ 17ਵੇਂ ਕਾਂਗਰਸ ਚੋਣ ਖੇਤਰ ਜਿੱਤੇ ਹਨ। ਸਮੋਸਾ ਕਾਕਸ ਵਿੱਚ ਸਭ ਤੋਂ ਸੀਨੀਅਰ ਮੈਂਬਰ ਡਾਕਟਰ ਐਮੀ ਬੇਰਾ (55) ਨੇ ਆਸਾਨੀ ਨਾਲ ਪੰਜਵੀਂ ਵਾਰ ਕੈਲੀਫੋਰਨੀਆ ਦੇ ਸੱਤਵੇਂ ਕਾਂਗਰਸ ਚੋਣ ਖੇਤਰ ਤੋਂ ਜਿੱਤ ਦਰਜ ਕੀਤੀ ਹੈ। ਓਹੀਓ ਤੋਂਨੀਰਜ ਐਂਟਨੀ ਸੈਨੇਟਰ ਚੁਣੇ ਜਾਣ ਵਾਲੇ ਪਹਿਲੇ ਭਾਰਤੀ-ਅਮਰੀਕੀ ਬਣ ਗਏ ਹਨ। ਉਨ੍ਹਾ ਨੇ ਡੈਮੋਕ੍ਰੈਟਿਕ ਉਮੀਦਵਾਰ ਮਾਰਕ ਫੋਗਲ ਨੂੰ ਹਰਾਇਆ।

# ਜ਼ੇਵਰ ਏਅਰਪੋਰਟ ਬਣਨ ਨਾਲ ਪਲਵਲ ਦਾ ਭਵਿੱਖ ਨਿੱਖਰੇਗਾ



ਪਲਵਲ, 5 ਨਵੰਬਰ (ਪੋਸਟ ਬਿਊਰੋ)- ਦੁਨੀਆ ਦੀ ਬਿਹਤਰੀਨ ਤੇ ਨਵੀਂ ਤਕਨੀਕ ਨਾਲ ਬਣਾਇਆ ਜਾਣ ਵਾਲਾ ਜ਼ੇਵਰ ਏਅਰਪੋਰਟ ਪਲਵਲ ਜ਼ਿਲ੍ਹੇ ਲਈ ਗੇਮ ਚੇਂਜਰ ਸਾਬਤ ਹੋ ਸਕਦਾ ਹੈ। ਇਸ ਨਾਲ ਵੱਡੇ ਪੈਮਾਨੇ 'ਤੇ ਰੋਜ਼ਗਾਰ ਵੀ ਮਿਲੇਗਾ ਅਤੇ ਨੌਜਵਾਨਾਂ ਦੀ ਤਰੱਕੀ ਦੇ ਰਸਤੇ ਖੁੱਲ੍ਹਣਗੇ। ਇਸ ਪ੍ਰਾਜੈਕਟ ਲਈ ਕਰਾਰ 'ਤੇ ਦਸਤਖਤ ਹੁੰਦੇ ਹੀ ਜ਼ਿਲ੍ਹੇ ਦੇ ਅਲੀਗੜ੍ਹ ਰੋਡ ਦੇ ਨਾਲ ਲਗਦੀ ਜ਼ਮੀਨ ਦੇ ਰੇਟ ਵੀ ਅਸਮਾਨ ਛੂੰਹਣ ਲੱਗੇ ਹਨ। ਪਲਵਲ ਜ਼ਿਲ੍ਹਾ ਅਜਿਹੀ ਇੱਕੋ-ਇੱਕ ਅਹਿਮ ਥਾਂ ਹੈ, ਜੋ ਜ਼ੇਵਰ ਵਿੱਚ ਇੰਟਰਨੈਸ਼ਨਲ ਏਅਰਪੋਰਟ ਬਣਨ ਮਗਰੋਂ ਉਥੇ ਜਾਣ ਲਈ ਦਿੱਲੀ ਐਨ ਸੀ ਆਰ ਦੇ ਰਸਤਿਆਂ ਨੂੰ ਸਭ ਤੋਂਵੱਧ ਸੌਖਾ ਬਣਾਏਗੀ,ਕਿਉਂਕਿ ਪਲਵਲ ਜ਼ਿਲ੍ਹੇ ਦੇ ਚਾਰੇ ਪਾਸੇ ਦਿੱਲੀ, ਰਾਜਸਥਾਨ, ਉਤਰ ਪ੍ਰਦੇਸ਼ ਦੇ ਕਈ ਇਲਾਕਿਆਂ ਨੂੰ ਵੱਖ-ਵੱਖ ਤਰ੍ਹਾਂ ਜੋੜਿਆ ਗਿਆ ਹੈ। ਇਸ ਦੇ ਨਾਲ ਹੀ ਹਰਿਆਣਾ ਦੇ ਵੀ ਕਈ ਜ਼ਿਲ੍ਹਿਆਂ ਤੱਕ ਪਲਵਲ ਜ਼ਿਲ੍ਹੇ ਦੀ ਕੁਨੈਕਟੀਵਿਟੀ ਹੈ। ਜ਼ੇਵਰ ਏਅਰਪੋਰਟ ਤੋਂ ਪਲਵਲ ਦੀ ਦੂਰੀ ਸਿਰਫ 27 ਕਿੱਲੋਮੀਟਰ ਹੈ ਅਤੇ ਜ਼ਿਲ੍ਹੇ ਦੇ 12 ਪਿੰਡ ਯਮੁਨਾ ਪਾਰ ਨੋਇਡਾ ਦੇ ਨਾਲ ਲੱਗਦੇ ਹਨ। ਜ਼ੇਵਰ ਏਅਰਪੋਰਟ ਤੋਂ ਲੈ ਕੇ ਪਲਵਲ ਜ਼ਿਲ੍ਹੇ ਦੀ ਭੂਗੋਲਿਕ ਸਥਿਤੀ ਬਦਲਣ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ ਅਤੇ ਅਲੀਗੜ੍ਹ ਜਾਣ ਵਾਲੇ ਮਾਰਗ ਨੂੰ ਫੋਰ ਲੇਨ ਕੀਤਾ ਜਾ ਰਿਹਾ ਹੈ। ਏਅਰਪੋਰਟ ਦੇ ਨਾਲ ਲਗਦੇ ਪਲਵਲ ਜ਼ਿਲ੍ਹੇ ਦੇ ਖਾਦਰ ਇਲਾਕੇ ਦੇ ਪਿੰਡ ਸੋਲੜਾ, ਬਾਗਪੁਰ ਆਦਿ ਨੂੰ ਜਾਣ ਵਾਲੀ ਸੜਕ ਨੂੰ ਫੋਨ ਲੇਨ ਅਤੇ ਪਾਵਰ ਸਟੇਸ਼ਨ ਬਣਾਉਣ ਦੀ ਯੋਜਨਾ 'ਤੇ ਵੀ ਅਮਲ ਸ਼ੁਰੂ ਹੋ ਗਿਆ ਹੈ।


# ਅਡਾਨੀ ਗੈਸ ਨੇ ਜੇ, ਮਧੋਕ ਐਨਰਜੀ ਦੇ ਤਿੰਨ ਸ਼ਹਿਰਾਂ ਵਿੱਚ ਗੈਸ ਲਾਇਸੈਂਸ ਨੂੰ ਵੀ ਐਕਵਾਇਰ ਕੀਤਾ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਅਡਾਨੀ ਗੈਸ ਲਿਮਟਿਡ ਨੇ ਐਲਾਨ ਕੀਤਾ ਕਿ ਉਸ ਨੇ ਜੇ ਮਧੋਕ ਐਨਰਜੀ ਦੇ ਲੁਧਿਆਣਾ, ਜਲੰਧਰ ਅਤੇ ਕੱਛ (ਪੂਰਬ) ਸ਼ਹਿਰਾਂ ਦੇ ਗੈਸ ਲਾਇਸੈਂਸ ਨੂੰ ਐਕਵਾਇਰ ਕਰ ਲਿਆ ਹੈ। ਇਸ ਕੰਪਨੀ ਨੇ ਹਾਲਾਂਕਿ ਐਕਵਾਇਰ ਦੀ ਰਾਸ਼ੀ ਬਾਰੇ ਨਹੀਂ ਦੱਸਿਆ।

ਜੇ ਮਧੋਕ ਐਨਰਜੀ ਪ੍ਰਾਈਵੇਟ ਲਿਮਟਿਡ ਨੂੰ ਤੇਲ ਰੈਗੂਲੇਟਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਰੈਗੂਲੇਟਰੀ ਬੋਰਡ (ਪੀ ਐਨ ਜੀ ਆਰ ਬੀ) ਨੇ ਬਕਾਇਆ ਅਦਾ ਕਰਨ 'ਚ ਦੇਰੀ ਅਤੇ ਗੈਸ ਲਾਇਸੈਂਸ ਹਾਸਲ ਕਰਨ ਵਿੱਚ ਅਣਗਹਿਲੀਆਂ ਦੇ ਕਾਰਨ ਨੋਟਿਸ ਦਿੱਤਾ ਸੀ। ਕੰਪਨੀ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਡਾਨੀ ਗੈਸ ਲਿਮਟਿਡ ਨੇ ਲੁਧਿਆਣਾ, ਜਲੰਧਰ ਅਤੇ ਕੱਛ (ਪੂਰਬ) ਵਿੱਚ ਗੈਸ ਲਾਇਸੈਂਸ ਦੇ ਐਕਵਾਇਰ ਲਈ ਇੱਕ ਨਿਸ਼ਚਿਤ ਸਮਝੌਤੇ 'ਤੇ ਹਸਤਾਖਰ ਕੀਤੇ ਹਨ।ਅਡਾਨੀ ਗੈਸ ਨੇ ਦੱਸਿਆ ਕਿ ਸਾਰੇ ਤਿੰਨ ਭੂਗੋਲਿਕ ਖੇਤਰਾਂ 'ਚ ਮੰਗ ਵਧਣ ਦੀਆਂ ਕਾਫੀ ਸੰਭਾਵਨਾਵਾਂ ਹਨ। ਜੇ ਮਧੋਕ ਨੂੰ 2013 ਵਿੱਚ ਜਲੰਧਰ 'ਚ ਗੈਸ ਲਾਇਸੈਂਸ ਮਿਲਿਆ ਸੀ, ਜਦੋਂ ਕਿ ਇਸ ਤੋਂ ਦੋ ਸਾਲ ਬਾਅਦ ਲੁਧਿਆਣਾ ਅਤੇ ਕੱਛ (ਪੂਰਬ) ਦੇ ਲਾਇਸੈਂਸ ਉਸ ਨੂੰ ਮਿਲੇ ਸਨ। ਪੀ ਐਨ ਜੀ ਆਰ ਬੀ ਦੇ ਮੁਤਾਬਕ ਕੰਪਨੀ ਨੇ ਆਪਣੀਆਂ ਵਚਨ-ਬੱਧਤਾਵਾਂ 'ਤੇ ਬਹੁਤ ਘੱਟ ਤਰੱਕੀ ਕੀਤੀ ਅਤੇ ਇਸ ਕਾਰਨ 2016 'ਚ ਉਸ ਦੇ ਲਾਇਸੈਂਸ ਰੱਦ ਕਰ ਦਿੱਤੇ ਗਏ। ਇਸ ਤੋਂ ਬਾਅਦ ਜੇ ਮਧੋਕ ਨੇ ਟ੍ਰਿਬਿਊਨਲ 'ਚ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਅਤੇ ਇਸ ਤੋਂ ਬਾਅਦ ਰੈਗੂਲੇਟਰੀ ਦੇ ਫੈਸਲੇ 'ਤੇ ਰੋਕ ਲਗਾ ਦਿੱਤੀ ਗਈ, ਜਿਸ ਕਾਰਨ ਅਡਾਨੀ ਗੈਸ ਨੂੰ ਮੌਕਾ ਮਿਲ ਗਿਆ ਹੈ।

# ਹੰਸਰਾਜ ਹੰਸ ਨੇ ਸੂਫ਼ੀਆਨਾ ਅੰਦਾਜ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਕੀਤਾ ਗਾਇਨ

ਨਵੀਂ ਦਿੱਲੀ 5 ਨਵੰਬਰ ( ਗਿਆਨ ਸਿੰਘ) ਭਾਰਤ ਸਰਕਾਰ ਦੇ ਸਸੰਕ੍ਰਿਤੀ ਮੰਤਰਾਲੇ ਵੱਲੋਂ ਇੰਦਰਾ ਗਾਂਧੀ ਰਾਸ਼ਟਰੀ ਕਲਾ ਕੇਂਦਰ ਅਤੇ ਗਿਲੀ ਮਿੱਟੀ ਫਾਉਂਡੇਸ਼ਨ ਵੱਲੋ ਆਯੋਜਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਸੰਗੀਤ ਸ਼ਾਮ' ਦਾ ਦੀਪ ਪ੍ਰਜਲਨ ਕਰਕੇ ਉਦਘਾਟਨ ਮੌਕੇ ਰਾਸ਼ਟਰੀ ਸਵੈਯੰਸੇਵਕ ਸੰਘ ਹਰਿਆਣਾ ਦੇ ਪ੍ਰਾਂਤ ਸੰਘਚਾਲਕ ਸ੍ਰੀ ਪਵਨ ਜਿੰਦਲ ਜੀ, ਭਾਰਤੀਯ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਵਕਤਾ ਸ.ਇਕਬਾਲ ਸਿੰਘ ਲਾਲਪੁਰਾ, ਸਾਬਕਾ ਆਈਪੀਐਸ, ਰਾਸ਼ਟਰੀ ਮਹਾਮੰਤਰੀ ਸੰਗਠਨ ਅਵਿਨਾਸ਼ ਜੈਸਵਾਲ,






ਡਾ.ਅਚਲ ਪੰਡਯਾ-ਚੀਫ ਕੋਆਰਡੀਨੇਟਰ, ਆਈਜੀਐਨਸੀਏ, ਆਨਲਾਈਨ ਵੈਬੀਨਾਰ ਸੰਚਾਲਕ ਹਰਭਜਨ ਸਿੰਘ ਦਿਓਲ, ਜਸਬੀਰ ਸਿੰਘ, ਆਰ.ਐਸ. ਬਾਠ, ਔਸ਼ੋ ਕਾਲੀਆ ਅਤੇ ਹਰਜੀਤ ਸਿੰਘ ਹਾਜਰ ਸਨ। ਸਾਰੇ ਵਕਤਾਵਾਂ ਨੇ ਸੰਗਤਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਧਿਆਤਮ- ਪਰਮਪਿਤਾ ਪਰਮ-ਾਤਮਾ ਨਾਲ ਇੱਕਰੂਪਤਾ ਅਤੇ ਉਸਦੇ ਦੁਆਰਾ ਬਣਾਏ ਗਏ ਨਿਯਮਾ ਅਨੁਸਾਰ ਜੀਉਣ ਦੀ ਪ੍ਰੇਰਣਾ ਦੇਕੇ ਇਸ ਧਰਤੀ ਨੂੰ ਸੁਖਮਯ ਬਣਾਇਆ ਜਾ ਸਕੇਗਾ। ਸੂਫ਼ੀ ਗਾਇਕ ਅਤੇ ਲੋਕਸਭਾ ਸਾਂਸਦ, ਪਦਮਸ੍ਰੀ ਸ੍ਰੀ ਹੰਸਰਾਜ ਹੰਸ ਨੇ ਦਰਸ਼ਕਾਂ, ਸਰੋਤਾਵਾਂ ਨੂੰ ਸੰਗੀਤਮਯ ਬਨਾਉਣ ਦੇ ਲਈ 'ਸਤਿਗੁਰ ਨਾਨਕ ਪ੍ਰਗਟਿਆ....' ਗੁਰਬਾਣੀ ਦੇ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਦੁਨੀਆ ਨੂੰ ਮੁਹੱਬਤ ਅਤੇ ਭਾਈਚਾਰੇ ਦਾ ਪੈਗ਼ਾਮ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਆਪਣੇ ਜੀਵਨ ਦੇ 24 ਸਾਲ ਤੱਕ ਆਪਣੇ ਸਾਥੀ ਬਾਲਾ, ਮਰਦਾਨਾ ਦੇ ਨਾਲ ਪੂਰੀ ਦੁਨੀਆ ਦੇ ਬਾਰੇ ਦੱਸਦੇ ਹੋਏ ਕਿਹਾ ਕਿ 'ਇੱਕ ਅੱਖਿਆਂ ਦਾ ਤਾਰਾ, ਦੂਜਾ ਜਾਨ ਤੋਂ ਪਿਆਰਾ'। ਇਸਦੇ ਬਾਦ ਉਹਨਾਂ ਨੇ ਕਬੀਰ, ਬਾਬਾ ਫਰੀਦ ਅਤੇ ਬੁੱਲ੍ਹੇ ਸ਼ਾਹ ਦੇ ਕਲਾਮਾਂ ਨੂੰ ਵੀ ਸੁਨ-ਾਇਆ। ਪ੍ਰਸਿੱਧ ਸੂਫ਼ੀ ਗਾਇਕ ਨੇ ਭਗਤੀ ਦਾ ਅਜਿਹਾ ਸੰਗੀਤ ਨਾਲ ਸਮਾਂ ਬੰਨ੍ਹਿਆ ਕਿ ਸਰੋਤਾ ਸੁਧਬੁਧ ਭੁੱਲ ਕੇ ਦੇਰ ਰਾਤ ਤੱਕ ਝੂਮਦੇ ਰਹੇ। ਮੰਚ ਦਾ ਸੰਚਾਲਨ ਸ.ਹਰਜੀਤ ਸਿੰਘ ਨੇ ਬੜੀ ਬਾਖ਼ੂਬੀ ਕੀਤਾ। ਆਖਿਰ ਵਿੱਚ ਔਸ਼ੋ ਕਾਲੀਆ ਨੇ ਸਭਨਾ ਦਾ ਧੰਨਵਾਦ ਕੀਤਾ। ਪ੍ਰੋਗਰਾਮ ਵਿੱਚ ਲੰਗਰ ਅਟੁੱਟ ਵਰਤਿਆ ਗਿਆ।






## ਲੜਕੀ ਦੀ ਲੋੜ

**Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. Whatsapp +16474968844**
**Email : matchjatt2018@gmail.com**

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਵਾਜਰਾ ਕੋਰ ਕਮਾਂਡਰ ਵੱਲੋਂ ਆਰਮੀ ਪਬਲਿਕ ਸਕੂਲ ਕਪੂਰਥਲਾ ਦੀ ਨਵੀਂ ਇਮਾਰਤ ਦਾ ਉਦਘਾਟਨ






ਕਪੂਰਥਲਾ, 5 ਨਵੰਬਰ (ਗਿਆਨ): ਕਪੂਰਥਲਾ ਮਿਲਟਰੀ ਸਟੇਸ਼ਨ ਵਿਖੇ ਆਰਮੀ ਪਬਲਿਕ ਸਕੂਲ ਦੀ ਨਵੀਂ ਇਮਾਰਤ ਦਾ ਉਦਘਾਟਨ ਅੱਜ ਸਕੂਲ ਦੇ ਸੀਨੀਅਰ ਸਰਪ੍ਰਸਤ ਲੈਫਟੀਨੈਂਟ ਜਨਰਲ ਸੰਜੀਵ ਸ਼ਰਮਾ, ਜਨਰਲ ਅਫਸਰ ਕਮਾਂਡਿੰਗ ਵਜਰਾ ਕੋਰ ਦੁਆਰਾ ਕੀਤਾ ਗਿਆ।

ਉਦਘਾਟਨੀ ਸਮਾਰੋਹ ਦੌਰਾਨ ਆਵਾ ਜ਼ੋਨਲ ਪ੍ਰਧਾਨ ਨੰਦਿਨੀ ਸ਼ਰਮਾ ਵੀ ਮੌਜੂਦ ਸਨ। ਨਵੀਂ ਸਕੂਲ ਦੀ ਇਮ-ਾਰਤ ਦੀ ਉਸਾਰੀ ਨੇ ਮੌਜੂਦਾ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਕੇ ਮਹੱਤਵਪੂਰਣ ਵਾਧਾ ਪ੍ਰਦਾਨ ਕੀਤਾ ਹੈ। ਜੀ ਓ ਸੀ ਨੇ ਸਕੂਲ ਦੀ ਇਮਾਰਤ ਦੀ ਉਸਾਰੀ ਵਿਚ ਸਹਾਇਤਾ ਕਰਨ ਵਾਲੀਆਂ ਵੱਖ-ਵੱਖ ਏਜੰਸੀਆਂ ਦੁਆਰਾ ਕੀਤੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਇਹ ਸਕੂਲ ਦੀ ਇਮਾਰਤ ਉੱਨਤ ਕਲਾਸਰੂਮਾਂ, ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਕਾਨਫਰੰਸ ਹਾਲ ਅਤੇ ਮਲਟੀਪਰਪਜ਼ ਹਾਲਾਂ ਨਾਲ ਲੈਸ ਹੈ। ਇਸ ਉੱਦਮ ਦਾ ਉਦੇਸ਼ ਹਰੇਕ ਸਟਰੀਮ ਵਿੱਚ 11 ਵੀਂ ਅਤੇ 12 ਵੀਂ ਜਮਾਤ ਦੀ ਸ਼ੁਰੂਆਤ ਕਰਨਾ ਅਤੇ ਇਸ ਦੇ ਵਿਦਿਆਰਥੀਆਂ ਦੀ ਗਿਣਤੀ 500 ਤੋਂ ਵਧਾ ਕੇ 1000 ਕਰਨਾ ਹੈ, ਜੋ ਕਿ ਇੱਕ ਪੂਰਵਗਾਮੀ ਸ਼ੁਰੂਆਤ ਹੈ।


ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514

8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ

ਰੇਟ: $14/ਘੰਟਾ


# ਜ਼ਿਲ੍ਹਾ ਮੋਗਾ ਦੇ 1728 ਫਰਜ਼ੀ ਪੈਨਸ਼ਨ ਧਾਰਕਾਂ ਤੋਂ ਹੋਵੇਗੀ 4 ਕਰੋੜ 80 ਲੱਖ 76 ਹਜ਼ਾਰ 900 ਰੁਪਏ ਦੀ ਰਿਕਵਰੀ

ਮੋਗਾ, 5 ਨਵੰਬਰ (ਗਿਆਨ ਸਿੰਘ): ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸਾਲ 2017 ਵਿੱਚ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਅਧੀਨ ਕਰਵਾਈ ਗਈ ਪੜਤਾਲ ਦੌਰਾਨ ਜ਼ਿਲ੍ਹਾ ਮੋਗਾ ਵਿੱਚ 1728 ਅਯੋਗ ਲਾਭਪਾਤਰੀ ਘੋਸ਼ਿਤ ਕੀਤੇ ਗਏ ਸਨ। ਕੋਵਿਡ 19 ਮਹਾਂਮਾਰੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਅਜਿਹੇ ਪੈਨਸ਼ਨ ਧਾਰਕਾਂ ਨੂੰ ਆਪਣਾ ਪੱਖ ਸਬੂਤ ਸਮੇਤ ਪੇਸ਼ ਕਰਨ ਦਾ ਇੱਕ ਮੌਕਾ ਦੇਣ ਦਾ ਫੈਸਲਾ ਲਿਆ ਹੈ।

***ਬੁਢਾਪਾ ਪੈਨਸ਼ਨ ਯੋਜਨਾ ਅਧੀਨ ਅਯੋਗ ਲਾਭਪਾਤਰੀ ਨੂੰ ਪੱਖ ਰੱਖਣ ਦਾ ਇੱਕ ਹੋਰ ਮੌਕਾ : ਡਿਪਟੀ ਕਮਿਸ਼ਨਰ**

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਹੰਸ ਨੇ ਦੱਸਿਆ ਕਿ ਇਸ ਸਬੰਧੀ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਨੋਟਿਸ ਜਾਰੀ ਕੀਤੇ ਜਾ ਰਹੇ ਹਨ, ਜਿਸ ਉਪਰੰਤ ਅਯੋਗ ਪੈਨਸ਼ਨਰ ਰਿਕਵਰੀ ਦੇਣ ਤੋਂ ਪਹਿਲਾਂ 15 ਦਿਨਾਂ



ਦੇ ਅੰਦਰ ਅੰਦਰ ਦਫ਼ਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੋਗਾ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਸਬੂਤ ਸਮੇਤ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਜੇਕਰ ਨਿਸ਼ਚਿਤ ਸਮੇਂ ਦੇ ਦੌਰਾਨ ਆਪਣਾ ਪੱਖ ਪੇਸ਼ ਨਹੀਂ ਕੀਤਾ ਜਾਵੇਗਾ ਤਾਂ ਰਿਕਵਰੀ ਦੇ ਪੈਸੇ ਜਮ੍ਹਾਂ ਕਰਵਾਉਣ ਲਈ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਨੂੰ ਗਲਤ ਜਾਣਕਾਰੀ ਦੇ ਕੇ 1728 ਲੋਕਾਂ ਵੱਲੋਂ ਬੁਢਾਪਾ ਪੈਨਸ਼ਨ ਲਗਵਾਈਆਂ ਗਈਆਂ ਸਨ। ਡਿਪਟੀ ਕਮਿਸ਼ਨਰ ਸ਼੍ਰੀ ਹੰਸ ਨੇ ਕਿਹਾ ਕਿ ਸਰਕਾਰ ਦੇ ਹੁਕਮਾਂ ਅਨੁਸਾਰ ਇਹ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਸਬੰਧਤ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਪੈਨਸ਼ਨ ਧਾਰਕ ਆਪਣਾ ਪੱਖ ਰੱਖ ਸਕਣਗੇ।

ਉਨ੍ਹਾਂ ਹੋਰ ਦੱਸਿਆ ਕਿ ਜ਼ਿਲ੍ਹਾ ਮੋਗਾ ਦੇ ਕੁੱਲ ਪੈਨਸ਼ਨਰਾਂ ਦੀ ਸੰਖਿਆ 93 ਹਜ਼ਾਰ 990 ਹੈ, ਜਿਨ੍ਹਾਂ ਨੂੰ 7 ਕਰੋੜ 4 ਲੱਖ 92 ਹਜ਼ਾਰ 500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਲਾਭ ਪ੍ਰਾਪਤ ਹੋ ਰਿਹਾ ਹੈ। ਇਸ ਤੋਂ ਇਲਾਵਾ ਫਰਜ਼ੀ ਪੈਨਸ਼ਨਰ 1728 ਹਨ, ਜਿੰਨ੍ਹਾਂ ਤੋਂ 4 ਕਰੋੜ 80 ਲੱਖ 76 ਹਜ਼ਾਰ 900 ਰੁਪਏ ਦੀ ਰਾਸ਼ੀ ਦੀ ਰਿਕਵਰੀ ਕਰਨੀ ਬਣਦੀ ਹੈ। ਦੱਸਣਯੋਗ ਹੈ ਕਿ ਪ੍ਰਤੀ ਲਾਭਪਾਤਰੀ ਪ੍ਰਤੀ ਮਹੀਨਾ 750 ਰੁਪਏ ਦੀ ਪੈਨਸ਼ਨ ਰਾਸ਼ੀ ਦਿੱਤੀ ਜਾਂਦੀ ਹੈ।

# ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦਾ ਆਗਮਨ ਪੁਰਬ ਮਨਾਇਆ

ਅੰਮ੍ਰਿਤਸਰ, 5 ਨਵੰਬਰ (ਗਿਆਨ ਸਿੰਘ): ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦਾ ਆਗਮਨ ਪੁਰਬ ਇਤਿਹਾਸਕ ਰਾਮਗੜ੍ਹੀਆ ਗੇਟ, ਨਜਦੀਕ ਗੁਰਦ-ਵਾਰਾ ਸ਼ਹੀਦਾਂ ਸਾਹਿਬ, ਅੰਮ੍ਰਿਤਸਰ ਵਿਖੇ ਹਰ ਸਾਲ ਦੀ ਤਰਾਂ ਆਲ ਇੰਡੀਆ ਸ੍ਰ: ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ (ਰਜਿ), ਅੰਮ੍ਰਿਤਸਰ ਦੇ ਪ੍ਰਧਾਨ ਪਿਆਰਾ ਸਿੰਘ ਮਠਾਰੂ ਦੀ ਪ੍ਰਧਾਨਗੀ ਹੇਠ ਹੋਈ ਫੈਡਰੇਸ਼ਨ ਦੀ ਇਕੱਤਰਤਾ ਵਲੋਂ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ ।ਗਿਆਨ ਸਿੰਘ ਬਮਰਾਹ, ਸਕੱਤਰ ਜਨਰਲ ਨੇ ਚੌਥੇ ਪਾਤਸ਼ਾਹ ਜੀ ਦਾ



ਜੀਵਨ ਇਤਿਹਾਸ ਪੜ੍ਹਕੇ ਸੁਣਾਇਆ ਅਤੇ ਪ੍ਰਧਾਨ ਸਾਹਿਬ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸਤੋਂ ਬਾਅਦ 5 ਵਾਰ ਮੂਲ-ਮੰਤਰ ਜੀ ਦਾ ਪਾਠ ਕੀਤਾ ਗਿਆ ਅਤੇ ਰਾਜਿੰਦਰ ਸਿੰਘ ਭੁਲਰ ਨੇ ਸਾਰਿਆਂ ਵਲੋਂ ਵਾਹਿਗੁਰੂ ਜੀ ਅਗੇ ਸਰਬਤ ਦੇ ਭਲੇ ਲਈ ਅਤੇ ਫੈਡਰੇਸ਼ਨ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ । ਸਮੂੰਹ ਸੰਗਤਾਂ ਤੇ ਖਾਲਸਾ ਜਗਤ ਨੂੰ ਅੱਜ ਦੇ ਸ਼ੁਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ ਅਤੇ ਰਾਮਗੜ੍ਹੀਆ ਗੇਟ ਨੂੰ ਲ਼ਓਧ ਲਾਈਟਾਂ ਨਾਲ ਰੌਸ਼ਨਾਇਆ ਗਿਆ ।ਇਸ ਸਮਾਗਮ ਵਿੱਚ ਸਰਪ੍ਰਸਤ ਗਿਆਨ ਸਿੰਘ ਸੱਗੂ, ਜਸਵਿੰਦਰ ਸਿੰਘ ਠੇਠੀ, ਖੁਸ਼ਵਿੰਦਰ ਸਿੰਘ ਸੰਧੂ, ਨਾਨਕ ਸਿੰਘ ਵਰਿਆਹ, ਗੁਰਦਿਆਲ ਸਿੰਘ ਵਿਰਦੀ, ਪ੍ਰਧਾਨ ਪਿਆਰਾ ਸਿੰਘ ਮਠਾੜੂ, ਮੀਤ ਪ੍ਰਧਾਨ ਸਰਦਾਰਾ ਸਿੰਘ ਮਠਾੜੂ, ਗਿਆਨ ਸਿੰਘ ਬਮਰਾਹ ਸਕੱਤਰ ਜਨਰਲ, ਹਰਵਿੰਦਰ ਸਿੰਘ ਵਿਰਦੀ ਖਜਾਨਚੀ, ਧਰਮਪਾਲ ਸਿੰਘ ਮੀਤ-ਖਜਾਨਚੀ, ਸਤਬੀਰ ਸਿੰਘ ਹੁੰਜਣ ਪ੍ਰਚਾਰ ਸਕੱਤਰ, ਲਖਬੀਰ ਸਿੰਘ ਘੁੰਮਣ ਸਕੱਤਰ, ਅਵਤਾਰ ਸਿੰਘ ਵੰਧਲ ਸਕੱਤਰ, ਬਲਵਿੰਦਰ ਸਿੰਘ ਧੰਮੂ ਸਕੱਤਰ, ਨਿਰਮਲ ਸਿੰਘ ਭਰਮੀ, ਤਜਿੰਦਰ ਪਾਲ ਸਿੰਘ ਬਮਰਾਹ, ਨਵਦੀਪ ਸਿੰਘ ਬਮਰਾਹ, ਚਰਨਜੀਤ ਸਿੰਘ ਬਮਰਾਹ, ਸੰਤੋਖ ਸਿੰਘ ਬਮਰਾਹ, ਰਜਿੰਦਰ ਸਿੰਘ ਭੁਲਰ ਅਤੇ ਹੋਰ ਬਹੁਤ ਸੰਗਤਾਂ ਸ਼ਾਮਲ ਹੋਈਆਂ।


# MARVES HARDWOOD FLOORING



Services:
Fence - Hardwood Flooring
Stairs - Small Renovation

John
416-787-6551


# ਐਮਾਜ਼ੋਨ ਉਤੇ ਐਫ ਡੀ ਆਈ ਪਾਲਿਸੀ ਤੇ ਫੇਮਾ ਦੀ ਉਲੰਘਣਾ ਦਾ ਦੋਸ਼

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਭਾਰਤ ਵਿਚ ਕਾਰੋਬਾਰੀਆਂ ਦੀ ਪ੍ਰਮੁੱਖ ਸੰਸਥਾ ਕਨੈਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਨੇ ਪ੍ਰਸਿੱਧ ਈ-ਕੰਪਨੀ ਐਮਾਜ਼ੋਨ ਉੱਤੇ ਭਾਰਤ ਦੇਸ਼ ਦੀ ਐਫ ਡੀ ਆਈ ਨੀਤੀ ਅਤੇ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (ਫੇਮਾ) ਦੀ ਉਲੰਘਣਾ ਦਾ ਦੋਸ਼ ਲਾਇਆ ਹੈ। ਉਸ ਦੇ ਨਾਲ ਇਹ ਦੋਸ਼ ਵੀ ਹੈ ਕਿ ਕੰਪਨੀ ਸਰਕਾਰ ਦੀ ਇਜਾਜ਼ਤ ਦੇ ਬਿਨਾਂ ਮਲਟੀ ਬ੍ਰਾਂਡ ਰਿਟੇਲ ਸ਼ੁਰੂ ਕਰਨ ਦੀ ਸਾਜ਼ਿਸ਼ ਕਰ ਰਹੀ ਹੈ। ਕੈਟ ਨੇ ਕੇਂਦਰੀ ਵਪਾਰ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੂੰ ਭੇਜੇ ਗਏ ਇੱਕ ਪੱਤਰ ਵਿੱਚ ਵੱਖ-ਵੱਖ ਕਾਨੂੰਨਾਂ ਦੀ ਉਲੰਘਣਾ ਲਈ ਐਮਾਜ਼ੋਨ ਦੇ ਖਿਲਾਫ ਸਖਤ ਕਾਰਵਾਈ ਤੇ ਕੰਪਨੀ ਨੂੰ ਵੱਧ ਤੋਂ ਵੱਧ ਜੁਰਮਾਨਾ ਕਰਨ ਦੀ ਮੰਗ ਕੀਤੀ ਹੈ। ਕੈਟ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਇਨਫੋਰਸਮੈਂਟ ਡਾਇਰੈਕਟੋਰੇਟ, ਭਾਰਤੀ ਰਿਜ਼ਰਵ ਬੈਂਕ ਅਤੇ ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਨੂੰ ਵੀ ਇਸੇ ਤਰ੍ਹਾਂ ਪੱਤਰ ਭੇਜਿਆ ਹੈ ਅਤੇ ਐਮਾਜ਼ੋਨ ਦੇ ਖਿਲਾਫ ਕਾਰਵਾਈ ਕਰਨ ਨੂੰ ਕਿਹਾ ਹੈ। ਕੈਟ ਦੇ ਆਗੂ ਪ੍ਰਵੀਨ ਖੰਡੇਲਵਾਲ ਨੇ ਨਵੀਂ ਦਿੱਲੀ ਵਿਚ ਪ੍ਰੈੱਸ ਕਾਨਫਰੰਸਵਿੱਚ ਕਿਹਾ ਕਿ ਜਨਤਕ ਖੇਤਰ ’ਚ ਜਾਰੀ ਵੱਖ-ਵੱਖ ਦਸਤਾਵੇਜ਼ ਦੱਸਦੇ ਹਨ ਕਿ ਐਮਾਜ਼ੋਨ ਇੰਡੀਆ ਦੇ ਰਾਹੀਂ ਅਸਲ ਵਿੱਚ ਅਸਿੱਧੇ ਰੂਪ ਵਿੱਚ ਮਲਟੀ-ਬ੍ਰਾਂਡ ਰਿਟੇਲ ਵਪਾਰ ਹੋ ਰਿਹਾ ਹੈ। ਐਮਾਜ਼ੋਨ ਨੇ ਫਿਊਚਰ ਕੂਪਨ ਪ੍ਰਾਈਵੇਟ ਲਿਮਟਿਡ ’ਚ 1,430 ਕਰੋੜ ਰੁਪਏ ਨਿਵੇਸ਼ ਕੀਤੇ। ਇਹ ਫੇਮਾ ਨਿਯਮਾਂ ਅਤੇ ਰੈਗੂਲੇਸ਼ਨ ਦੀ ਉਲੰਘਣਾ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Office: 905-488-2100 Ext. 348
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

7 Days Work All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



## CELLNTELL DISTRIBUTION INC
1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

You can Place Your Business Here To Reach Wider Audience
(905)793-2202

# ਫੋਰਡ ਸਰਕਾਰ ਨੇ ਨਵੀਆਂ ਪਾਬੰਦੀਆਂ ਸਬੰਧੀ ਬਹੁ ਪੜਾਵੀ ਸਿਸਟਮ ਕੀਤਾ ਪੇਸ਼

ਓਨਟਾਰੀਓ, 5 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਸਬੰਧੀ ਪਾਬੰਦੀਆਂ ਲਾਉਣ ਤੇ ਹਟਾਉਣ ਲਈ ਫੋਰਡ ਸਰਕਾਰ ਵੱਲੋਂ ਬਹੁ ਪੜਾਵੀ ਸਿਸਟਮ ਦੀ ਸੁ਼ਰੂਆਤ ਕੀਤੀ ਗਈ ਹੈ।

ਕੋਵਿਡ-19 ਰਿਸਪਾਂਸ ਫਰੇਮਵਰਕ ਤਹਿਤ ਪ੍ਰੋਵਿੰਸ ਵੱਲੋਂ ਸੈਕਟਰ ਨਾਲ ਸਬੰਧਤ ਕਲਰ ਕੋਡਿਡ ਸਿਸਟਮ ਪੇਸ਼ ਕੀਤਾ ਗਿਆ ਹੈ। ਜਿਹੜਾ ਸੈਕਟਰ ਨਾਲ ਸਬੰਧਤ ਕੇਸਾਂ ਉੱਤੇ ਲਾਗੂ ਹੋਵ-ੇਗਾ :

1.ਰੋਕਥਾਮ (ਸਟੈਂਡਰਡ ਮਾਪਦੰਡ)
2. ਪ੍ਰੋਟੈਕਟ (ਮਜ਼ਬੂਤ ਕੀਤੇ ਮਾਪਦੰਡ)
3. ਰਿਸਟ੍ਰਿਕਟ (ਦਰਮਿਆਨੇ ਮਾਪਦੰਡ)
4. ਕੰਟਰੋਲ (ਸਖਤ ਮਾਪਦੰਡ)
5.ਲਾਕਡਾਊਨ (ਸਿਖਰਲੇ ਮਾਪਦੰਡ)



ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਓਟਵਾ, ਪੀਲ ਰੀਜਨ ਤੇ ਯੌਰਕ ਰੀਜਨ ਵਿੱਚ ਸ਼ਨਿੱਚਰਵਾਰ ਤੋਂ ਰਸਟ੍ਰਿਕਟ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਇੱਕ ਹਫਤੇ ਬਾਅਦ ਟੋਰਾਂਟੋ ਵਿੱਚ ਇਹ ਪਾਬੰਦੀਆਂ ਲਾਈਆਂ ਜਾਣਗੀਆਂ।ਰਸਟ੍ਰਿਕਟ ਪਾਬੰਦੀਆਂ ਤਹਿਤ ਬਾਰਜ਼ ਤੇ ਰੈਸਟੋਰੈਂਟਜ਼ ਵਿੱਚ ਇੰਡੋਰ ਡਾਈਨਿੰਗ ਦੀ ਇਜਾਜ਼ਤ ਹੋਵੇਗੀ।ਰਸਟ੍ਰਿਕਟ ਪਾਬੰਦੀਆਂ ਤਹਿਤ ਰੈਸਟੋਰੈਂਟਸ ਤੇ ਬਾਰਜ਼ ਤੋਂ ਇਲਾਵਾ ਖਾਣ ਪੀਣ ਵਾਲੀਆਂ ਹੋਰਨਾਂ ਥਾਂਵਾਂ ਨੂੰ ਹੇਠ ਲਿਖੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ:

- ਇੰਡੋਰ ਵਿੱਚ 50 ਲੋਕ ਹੀ ਬੈਠ ਸਕਣਗੇ ਤੇ ਚਾਰ ਲੋਕਾਂ ਨੂੰ ਹੀ ਇੱਕਠੇ ਬੈਠਣ ਦੀ ਖੁੱਲ੍ਹ ਹੋਵੇਗੀ
- ਸਟਰਿਪ ਕਲੱਬ ਬੰਦ ਰਹਿਣਗੇ
- ਸਵੇਰੇ 9:00 ਤੋਂ ਰਾਤੀ 9:00 ਵਜੇ ਤੱਕ ਸ਼ਰਾਬ ਵੇਚੀ ਤੇ ਸਰਵ ਕੀਤੀ ਜਾ ਸਕੇਗੀ
- ਰਾਤ ਦੇ 10:00 ਵਜੇ ਤੋਂ ਸਵੇਰ ਦੇ 9:00 ਵਜੇ ਤੱਕ ਸ਼ਰਾਬ ਦੀ ਖਪਤ ਨਹੀ ਹੋਵੇਗੀ
- ਸਕਰੀਨਿੰਗ ਪੈਟਰਨਜ਼

ਇਹ ਤਾਜ਼ਾ ਫਰੇਮਵਰਕ ਉਸ ਦਿਨ ਆਇਆ ਜਦੋਂ ਪ੍ਰੋਵਿੰਸ ਵਿੱਚ ਕੋਵਿਡ-19 ਦੇ 1050 ਮਾਮਲੇ ਦਰਜ ਕੀਤੇ ਗਏ।ਇਹ ਨਿਯਮ ਪਹਿਲਾਂ ਵਾਲੇ ਨਿਯਮਾਂ ਦੀ ਥਾਂ ਲੈ ਲੈਣਗੇ।

# ਐਨਡੀਪੀ ਵੱਲੋਂ ਬਰੈਂਪਟਨ ਵਿੱਚ ਨਵਾਂ ਹਸਪਤਾਲ ਬਣਾਉਣ ਦੀ ਮੰਗ

ਕੁਈਨਜ਼ ਪਾਰਕ, 5 ਨਵੰਬਰ (ਪੋਸਟ ਬਿਊਰੋ) : ਬਰੈਂਪਟਨ ਈਸਟ ਤੋਂ ਐਨਡੀਪੀ ਦੇ ਐਮਪੀਪੀ ਗੁਰਰਤਨ ਸਿੰਘ ਨੇ ਫੋਰਡ ਸਰਕਾਰ ਤੋਂ ਮੰਗ ਕੀਤੀ ਕਿ ਉਹ ਬਰੈਂਪਟਨ ਦੀਆਂ ਬਿਹਤਰੀਨ ਤਸਵੀਰਾਂ ਵਿਖਾ ਕੇ ਤੇ ਝੂਠੇ ਵਾਅਦੇ ਕਰਕੇ ਲੋਕਾਂ ਨੂੰ ਗੁੰਮਰਾਹ ਨਾ ਕਰਨ। ਸਗੋਂ ਇਸ ਤਰ੍ਹਾਂ ਦੇ ਝੂਠੇ ਸਬਜ਼ਬਾਗ ਦਿਖਾਉਣ ਦੀ ਥਾਂ ਉਹ ਬਰੈਂਪਟਨ ਦੇ ਪਰਿਵਾਰਾਂ ਲਈ ਇਸ ਸਮੇਂ ਜ਼ਰੂਰੀ ਹਸਪਤਾਲ ਮੁਹੱਈਆ ਕਰਵਾਉਣ ਤੇ ਐਮਰਜੰਸੀ ਰੂਮ ਸਰਵਿਸਿਜ਼ ਦਾ ਪਸਾਰ ਕਰਨ।

ਉਨ੍ਹਾਂ ਆਖਿਆ ਕਿ ਪਰਿਵਾਰਾਂ ਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ, ਜਿਨ੍ਹਾਂ ਲੋਕਾਂ ਨੂੰ ਕੇਅਰ ਦੀ ਲੋੜ ਹੈ ਉਨ੍ਹਾਂ ਨੂੰ ਮੋੜ ਦਿੱਤਾ ਜਾਂਦਾ ਹੈ ਕਿਉਂਕਿ ਕੰਜ਼ਰਵੇਟਿਵ ਸਰਕਾਰ ਹੈਲਥ ਕੇਅਰ ਲਈ ਲੋੜੀਂਦਾ



ਪੈਸਾ ਬਰੈਂਪਟਨ ਵਾਸੀਆਂ ਨੂੰ ਨਹੀਂ ਦੇ ਰਹੀ। ਫੋਰਡ ਸਰਕਾਰ ਵੀ ਬਰੈਂਪਟਨ ਨੂੰ ਪਿਛਲੀਆਂ ਲਿਬਰਲ ਤੇ ਕੰਜ਼ਰਵੇਟਿਵ ਸਰਕਾਰਾਂ ਵਾਂਗ ਫੰਡਾਂ ਤੋਂ ਵਾਂਝਾ ਰੱਖ ਰਹੀ ਹੈ।ਇਸ ਸਮੇਂ ਬਰੈਂਪਟਨ ਦੇ ਪਰਿਵਾਰਾਂ ਨੂੰ ਜਿਸ ਹੈਲਥ ਕੇਅਰ ਦੀ ਲੋੜ ਹੈ ਉਹ ਮੁਹੱਈਆ ਕਰਵਾਉਣ ਦੀ ਥਾਂ ਡੱਗ ਫੋਰਡ ਤੇ ਕੰਜ਼ਰਵੇਟਿਵ ਐਮਪੀਪੀ ਹਸਪਤਾਲਾਂ ਸਬੰਧੀ ਝੂਠੇ ਐਲਾਨ ਤੇ ਖੋਖਲੇ ਵਾਅਦੇ ਕਰਨ ਉੱਤੇ ਲੱਗੇ ਹੋਏ ਹਨ। ਹਕੀਕਤ ਇਹ ਹੈ ਕਿ ਸਿਟੀ ਵਿੱਚ ਨਵੇਂ ਹਸਪਤਾਲ ਲਈ ਲਿਆਂਦੇ ਮਤੇ ਨੂੰ ਉਹ ਦੋ ਵਾਰੀ ਰੱਦ ਕਰਵਾ ਚੁੱਕੇ ਹਨ।

ਉਨ੍ਹਾਂ ਆਖਿਆ ਕਿ ਉਹ ਪੁੱਛਣਾ ਚਾਹੁੰਦੇ ਹਨ ਕਿ ਪ੍ਰੀਮੀਅਰ ਇਹ ਖੋਖਲੇ ਵਾਅਦੇ ਕਰਨੇ ਕਦੋਂ ਬੰਦ ਕਰਨਗੇ ਤੇ ਬਰੈਂਪਟਨ ਨੂੰ ਕਦੋਂ 24 ਘੰਟੇ ਐਮਰਜੰਸੀ ਰੂਮ ਵਾਲਾ ਹਸਪਤਾਲ ਮਿਲੇਗਾ ਤੇ ਪੀਲ ਮੈਮੋਰੀਅਲ ਨੂੰ ਮੁਕੰਮਲ ਹਸਪਤਾਲ ਦਾ ਦਰਜਾ ਕਦੋਂ ਦਿੱਤਾ ਜਾਵੇਗਾ। ਗੁਰਰਤਨ ਸਿੰਘ ਨੇ ਆਖਿਆ ਕਿ 600,000 ਲੋਕਾਂ ਲਈ ਬਰੈਂਪਟਨ ਵਿੱਚ ਸਿਰਫ ਇੱਕ ਹਸਪਤਾਲ ਹੈ। ਇਸ ਕਮਿਉਨਿਟੀ ਹੈਲਥ ਕੇਅਰ ਸੰਕਟ ਵੇਲੇ ਬਰੈਂਪਟਨ ਦੇ ਪਰਿਵਾਰਾਂ ਦੀਆਂ ਸਿਹਤ ਸਬੰਧੀ ਲੋੜਾਂ ਪੂਰੀਆਂ ਕਰਨ ਵਿੱਚ ਫੋਰਡ ਅਸਫਲ ਰਹੇ ਹਨ।

# ਹਥਿਆਰ ਤੇ ਫੈਂਟਾਨਿਲ ਸਮੇਤ 2 ਟੀਨੇਜਰਜ਼ ਕਾਬੂ



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਵੈਸਟਨ ਏਰੀਆ ਵਿੱਚ ਇੱਕ ਘਰ ਵਿੱਚੋਂ ਹਥਿਆਰ ਤੇ ਫੈਂਟਾਨਿਲ ਬਰਾਮਦ ਹੋਣ ਤੋਂ ਬਾਅਦ ਪੁਲਿਸ ਅਧਿਕਾਰੀਆਂ ਵੱਲੋਂ 17 ਸਾਲਾਂ ਦੇ ਦੋ ਲੜਕਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਬੀਤੇ ਦਿਨੀਂ ਟੋਰਾਂਟੋ ਪੁਲਿਸ ਅਧਿਕਾਰੀਆਂ ਵੱਲੋਂ ਟਰੈਥਵੇਅ ਡਰਾਈਵ ਤੇ ਜੇਨ ਸਟਰੀਟ ਏਰੀਆ ਵਿੱਚ ਇੱਕ ਘਰ ਦੀ ਤਲਾਸ਼ੀ ਲਈ ਗਈ। ਅਧਿਕਾਰੀਆਂ ਨੂੰ ਘਰ ਤੋਂ ਇੱਕ ਭਰੀ ਹੋਈ ਗੰਨ, ਵੱਡੀ ਮਾਤਰਾ ਵਿੱਚ ਫੈਂਟਾਨਿਲ ਬਰਾਮਦ ਹੋਈ।

ਇਨ੍ਹਾਂ ਦੋਵਾਂ ਟੀਨੇਜਰਜ਼ ਉੱਤੇ ਕਈ ਚਾਰਜਿਜ਼ ਲਾਏ ਗਏ ਹਨ, ਇਨ੍ਹਾਂ ਵਿੱਚ ਗੈਰਅਧਿਕਾਰਕ ਹਥਿਆਰ ਰੱਖਣਾ ਤੇ ਹਥਿਆਰਾਂ ਨੂੰ ਸਮਗਲਿੰਗ ਦੇ ਇਰਾਦੇ ਨਾਲ ਕੋਲ ਰੱਖਣਾ ਮੁੱਖ ਹਨ। ਦੋਵਾਂ ਟੀਨੇਜਰਜ਼ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ।

# ਐਮਰਜੰਸੀ ਰੈਂਟ ਰਾਹਤ ਲਈ ਫੈਡਰਲ ਸਰਕਾਰ ਨੇ ਪੇਸ਼ ਕੀਤਾ ਨਵਾਂ ਬਿੱਲ

ਓਟਵਾ, 5 ਨਵੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਇੱਕ ਅਜਿਹਾ ਬਿੱਲ ਪੇਸ਼ ਕੀਤਾ ਗਿਆ ਹੈ ਜਿਸ ਨਾਲ ਕਾਰੋਬਾਰਾਂ ਦੀ ਐਮਰਜੰਸੀ ਰੈਂਟ ਰਾਹਤ ਤੱਕ ਪਹੁੰਚ ਸੁਖਾਲੀ ਹੋ ਜਾਵੇਗੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਨਿਊ ਕੈਨੇਡਾ ਐਮਰਜੰਸੀ ਰੈਂਟ ਸਬਸਿਡੀ ਦਾ ਐਲਾਨ 9 ਅਕਤੂਬਰ ਨੂੰ ਕੀਤਾ ਸੀ। ਮੌਜੂਦਾ ਫੈਡਰਲ ਰਲੀਫ ਪ੍ਰੋਗਰਾਮ ਦੀ ਕਿਰਾਇਦਾਰਾਂ ਵੱਲੋਂ ਆਲੋਚਨਾ ਹੀ ਹੁੰਦੀ ਰਹੀ ਹੈ। ਪ੍ਰੋਗਰਾਮ ਵਿੱਚ ਮਕਾਨ ਮਾਲਕਾਂ ਨੂੰ ਸ਼ਾਮਲ ਕੀਤੇ ਜਾਣ ਦੀ ਲੋੜ ਸੀ ਪਰ ਬਹੁਤਿਆਂ ਵੱਲੋਂ ਇਸ ਤੋਂ ਬਾਹਰ ਰਹਿਣ ਦੀ ਹੀ ਚੋਣ ਕੀਤੀ ਗਈ।




ਨਵੇਂ ਬਿੱਲ ਤਹਿਤ ਕਿਰਾਏਦਾਰ ਸਹਾਇਤਾ ਲਈ ਸਿੱਧੇ ਤੌਰ ਉੱਤੇ ਅਪਲਾਈ ਕਰ ਸਕਣਗੇ ਤੇ ਇਸ ਨਾਲ 19 ਦਸੰਬਰ ਤੱਕ ਮਹਾਂਮਾਰੀ ਦੌਰਾਨ ਵਿੱਤੀ ਤੌਰ ਉੱਤੇ ਤੰਗ ਰਹੇ ਕਾਰੋਬਾਰ, ਚੈਰਿਟੀਜ਼ ਤੇ ਗੈਰ ਮੁਨਾਫੇ ਵਾਲੀਆਂ ਸੰਸਥਾਵਾਂ ਦੇ 65 ਫੀ ਸਦੀ ਖਰਚੇ ਕਵਰ ਹੋ ਸਕਣਗੇ।ਪੂਰਬ ਬਿਆਪੀ ਕਲੇਮਜ਼ 27 ਸਤੰਬਰ ਨੂੰ ਸ਼ੁਰੂ ਹੋਏ ਅਰਸੇ ਲਈ ਕੀਤੇ ਜਾ ਸਕਦੇ ਹਨ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਐਮਰਜੰਸੀ ਵੇਜ ਸਬਸਿਡੀ ਪ੍ਰੋਗਰਾਮ ਜੂਨ 2021 ਤੱਕ ਵੱਧ ਸਕਦਾ ਹੈ।

# ਸਟੋਰ ਦੇ ਬਾਹਰ ਇੱਕ ਵਿਅਕਤੀ ਨੂੰ ਮਾਰੀਆਂ ਗਈਆਂ ਗੋਲੀਆਂ

ਨੌਰਥ ਯੌਰਕ, 5 ਨਵੰਬਰ ( ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ ਡਰੱਗ ਸਟੋਰ ਦੇ ਸਾਹਮਣੇ ਇੱਕ ਵਿਅਕਤੀ ਨੂੰ ਗੋਲੀਆਂ ਮਾਰੀਆਂ ਗਈਆਂ।

ਇਹ ਘਟਨਾ ਜੇਨ ਤੇ ਫਿੰਚ ਨੇੜੇ ਸਥਿਤ ਪਲਾਜ਼ਾ ਵਿੱਚ ਦੁਪਹਿਰੇ 2:30 ਤੋਂ ਠੀਕ ਪਹਿਲਾਂ ਵਾਪਰੀ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਇਸ ਵਿਅਕਤੀ ਨੂੰ ਕਈ ਗੋਲੀਆਂ ਮਾਰੀਆਂ ਗਈਆਂ। ਕਈ ਗੋਲੀਆਂ ਤਾਂ ਨੇੜਲੇ ਸਟੋਰ ਦੀ ਸਾਹਮਣੇ




ਵਾਲੀ ਖਿੜਕੀ ਵਿੱਚ ਵੀ ਲੱਗੀਆਂ।

ਮਸ਼ਕੂਕ ਕਾਲੇ ਰੰਗ ਦੀ ਐਸਯੂਵੀ ਵਿੱਚ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਵੱਲੋਂ ਇਸ ਘਟਨਾ ਦਾ ਸ਼ਿਕਾਰ ਵਿਅਕਤੀ ਦੀ ਭਾਲ ਨਹੀਂ ਕੀਤੀ ਗਈ ਤੇ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਪੱਕੀ ਖਬਰ ਹੈ ਕਿ ਸਬੰਧਤ ਵਿਅਕਤੀ ਜ਼ਖ਼ਮੀ ਵੀ ਹੋਇਆ ਹੈ ਜਾਂ ਨਹੀਂ। ਮਾਮਲੇ ਦੀ ਜਾਂਚ ਜਾਰੀ ਹੈ।

# ਦੋ ਗੱਡੀਆਂ ਦੀ ਟੱਕਰ ਵਿੱਚ ਦੋ ਜ਼ਖ਼ਮੀ

ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਯੌਰਕ ਰੀਜਨ ਵਿੱਚ ਦੋ ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਹਾਦਸਾ ਵ੍ਹਿਟਚਰਚ-ਸਟੱਫਵਿਲ ਵਿੱਚ ਮੈਕੌਵਨ ਰੋਡ ਤੇ ਸਟੱਫਵਿੱਲ ਰੋਡ ਨੇੜੇ ਵਾਪਰਿਆ। ਪੁਲਿਸ ਨੂੰ ਸਾਮੀਂ 5:49 ਵਜੇ ਕਾਲ ਕਰਕੇ ਮੌਕੇ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਇਹ ਦੋ ਵਿਅਕਤੀ ਹੀ ਜ਼ਖ਼ਮੀ ਹੋਏ। ਜ਼ਖ਼ਮੀ ਹੋਣ ਵਾਲਿਆਂ ਵਿੱਚ 48 ਸਾਲਾ ਤੇ 31 ਸਾਲਾ ਵਿਅਕਤੀ ਸਨ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਦੋਵਾਂ ਵਿੱਚੋਂ ਕਿਸ ਵਿਅਕਤੀ ਦੀ ਹਾਲਤ ਨਾਜ਼ੁਕ ਹੈ। ਸਟੱਫਵਿੱਲ ਰੋਡ ਨੂੰ ਮੈਕੌਵਨ ਤੇ ਕੈਨੇਡੀ ਦਰਮਿਆਨ ਬੰਦ ਕੀਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਟੇਜ 2 ਦੀਆਂ ਪਾਬੰਦੀਆਂ ਵਿੱਚ ਢਿੱਲ ਦੇਣ ਬਾਰੇ ਵਿਚਾਰ ਕਰ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 5 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਕੋਵਿਡ-19 ਹੌਟਸਪੌਟਜ਼ ਦੇ ਡਾਟਾ ਦਾ ਮੁਲਾਂਕਣ ਕਰ ਰਹੀ ਹੈ ਤੇ ਵਾਇਰਸ ਕਾਰਨ ਸੱਭ ਤੋਂ ਵੱਧ ਨੁਕਸਾਨੇ ਗਏ ਰੀਜਨ ਵਜੋਂ ਸੋਧੀਆਂ ਹੋਈਆਂ ਪਾਬੰਦੀਆਂ ਵੀ ਫੋਰਡ ਸਰਕਾਰ ਵੱਲੋਂ ਜਲਦ ਹੀ ਐਲਾਨੀਆਂ ਜਾਣਗੀਆਂ।

ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਟੋਰਾਂਟੋ, ਪੀਲ, ਯੌਰਕ ਤੇ ਓਟਵਾ ਵਿੱਚ ਕੁੱਝ ਪਾਬੰਦੀਆਂ ਵਿੱਚ ਢਿੱਲ ਦੇਣ ਬਾਰੇ ਵਿਚਾਰ ਕਰੇਗੀ। ਜਿਨ੍ਹਾਂ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾ ਸਕਦੀ ਹੈ ਉਨ੍ਹਾਂ ਵਿੱਚ ਇੰਡੋਰ ਡਾਈਨਿੰਗ ਤੇ ਜਿੰਮਜ਼ ਮੁੜ ਖੋਲ੍ਹੇ ਜਾਣਾ ਸ਼ਾਮਲ ਹਨ। ਫੋਰਡ ਨੇ




ਆਖਿਆ ਕਿ ਉਹ ਸਾਰੇ ਰੀਜਨਜ਼ ਦੇ ਮੇਅਰਜ਼ ਦੇ ਪੂਰੇ ਸੰਪਰਕ ਵਿੱਚ ਹਨ ਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਇਨ੍ਹਾਂ ਰੈਸਟੋਰੈਂਟਸ ਨੂੰ ਜਿਸ ਸਹਾਇਤਾ ਦੀ ਲੋੜ ਹੈ ਉਹ ਉਨ੍ਹਾਂ ਨੂੰ ਮੁਹੱਈਆ ਕਰਵਾਈ ਜਾ ਸਕੇ।

ਫੋਰਡ ਤੇ ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਬੀ ਨੇ ਆਖਿਆ ਕਿ ਸਾਡਾ ਮੰਨਣਾ ਹੈ ਕਿ ਇਸ ਨੂੰ ਸੁਰੱਖਿਅਤ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਆਖਿਆ ਕਿ ਅਸੀਂ ਹੈਲਥ ਵਿਭਾਗ ਦੇ ਨਿਯਮਾਂ ਦਾ ਵੀ ਧਿਆਨ ਰੱਖਣਾ ਚਾਹੁੰਦੇ ਹਾਂ ਤਾਂ ਕਿ ਹਾਲਾਤ ਦਾ ਜਾਇਜ਼ਾ ਲੈਣ ਤੋਂ ਬਾਅਦ ਇਸ ਪਾਸੇ ਜਲਦ ਤੋਂ ਜਲਦ ਫੈਸਲਾ ਲਿਆ ਜਾ ਸਕੇ।

ਪਿਛਲੇ ਹਫਤੇ ਫੋਰਡ ਸਰਕਾਰ ਨੇ ਅਪਡੇਟ ਕੀਤਾ ਡਾਟਾ ਜਾਰੀ ਕੀਤਾ ਸੀ ਜਿਸ ਤੋਂ ਇਹ ਪਤਾ ਲੱਗ ਸਕਦਾ ਹੈ ਕਿ ਓਨਟਾਰੀਓ ਸੈਕਿੰਡ ਵੇਵ ਨਾਲ ਕਿਸ ਦਿਸ਼ਾ ਵੱਲ ਵਧੇਗਾ।

# ਆਊਟਡੋਰ ਰਿੰਕਸ ਖੋਲ੍ਹਣ ਲਈ ਪਬਲਿਕ ਹੈਲਥ ਨਾਲ ਸਲਾਹ ਮਸ਼ਵਰਾ ਕਰ ਰਹੀ ਹੈ ਸਿਟੀ



ਟੋਰਾਂਟੋ, 5 ਨਵੰਬਰ (ਪੋਸਟ ਬਿਊਰੋ) : ਤਾਪਮਾਨ ਵਿੱਚ ਠੰਢਕ ਵਧਣ ਨਾਲ ਸਿਟੀ ਆਫ ਟੋਰਾਂਟੋ ਤੇ ਪਬਲਿਕ ਹੈਲਥ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਆਊਟਡੋਰ ਰਿੰਕਸ ਨੂੰ ਕਿਸ ਤਰ੍ਹਾਂ ਚੱਲਦਾ ਰੱਖਿਆ ਜਾ ਸਕਦਾ ਹੈ।

ਸਿਟੀ ਆਫ ਟੋਰਾਂਟੋ ਦਾ ਕਹਿਣਾ ਹੈ ਕਿ ਹੁਣ ਜਦੋਂ 28 ਨਵੰਬਰ ਤੇ 5 ਦਸੰਬਰ ਨੂੰ ਰਿੰਕ ਖੁੱਲ੍ਹਣ ਦਾ ਸਮਾਂ ਨੇੜੇ ਆ ਗਿਆ ਹੈ ਤਾਂ ਅਜਿਹੇ ਵਿੱਚ ਮਹਾਂਮਾਰੀ ਦੌਰਾਨ ਲੋਕਾਂ ਨੂੰ ਸਿਹਤਮੰਦ ਰੱਖਣ ਤੇ ਕਰੋਨਾਵਾਇਰਸ ਨੂੰ ਰੋਕਣ ਲਈ ਸਿਟੀ ਆਫ ਟੋਰਾਂਟੋ, ਪਬਲਿਕ ਹੈਲਥ ਨਾਲ ਰਲ ਕੇ ਆਪਣੀ ਯੋਜਨਾ ਨੂੰ ਕਾਰਗਰ ਕਰਨ ਲਈ ਸਾਰਾ ਜ਼ੋਰ ਲਾ ਰਹੀ ਹੈ।

ਸਿਟੀ ਦੇ ਬੁਲਾਰੇ ਦਾ ਕਹਿਣਾ ਹੈ ਕਿ ਸਕੇਟਰਜ਼ ਨੂੰ ਆਸ ਹੈ ਕਿ ਫਿਜ਼ੀਕਲ ਡਿਸਟੈਂਸਿੰਗ ਬਰਕਰਾਰ ਰੱਖਣ ਲਈ ਰਿੰਕ ਦੀ ਸਮਰੱਥਾ ਘਟਾਈ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸਾਫ ਸਫਾਈ ਦਾ ਵੀ ਕਾਫੀ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਮੇਅਰ ਜੌਹਨ ਟੋਰੀ ਨੇ ਇਸ ਮੌਕੇ ਆਖਿਆ ਕਿ ਆਊਟਡੋਰ ਰਿੰਕ ਦਾ ਪਲੈਨ ਵੀ ਬੀਤੀਆਂ ਗਰਮੀਆਂ ਵਿੱਚ ਸਵਿਮਿੰਗ ਪੂਲ ਖੋਲ੍ਹਣ ਵਾਲੇ ਪਲੈਨ ਨਾਲ ਹੀ ਮੇਲ ਖਾਂਦਾ ਹੋਵੇਗਾ।

ਜ਼ਿਕਰਯੋਗ ਹੈ ਕਿ ਗਰਮੀਆਂ ਵਿੱਚ ਸਵਿਮਿੰਗ ਪੂਲ ਵੀ ਖੋਲ੍ਹੇ ਗਏ ਸਨ ਪਰ ਇਹ ਸਖਤ ਨਿਯਮਾਂ ਤਹਿਤ ਅਜਿਹਾ ਕੀਤਾ ਗਿਆ ਸੀ। ਇਸ ਦੌਰਾਨ ਪੂਲਜ਼ ਦੀ ਸਮਰੱਥਾ ਵੀ ਘਟਾਈ ਗਈ ਸੀ ਤੇ ਸਮਾਂ ਸੀਮਾਂ ਵੀ ਸੀਮਤ ਰੱਖੀ ਗਈ ਸੀ। ਸਵਿਮਰਜ ਨੂੰ ਆਪਣਾ ਸੰਪਰਕ ਨੰਬਰ ਵੀ ਦੇਣਾ ਪੈਂਦਾ ਸੀ। ਸਿਟੀ ਨੇ ਆਖਿਆ ਕਿ ਆਊਟਡੋਰ ਆਈਸ ਰਿੰਕਸ ਤੇ ਆਊਟਡੋਰ ਹਾਕੀ ਰਿੰਕਸ ਬਾਰੇ ਹੋਰ ਜਾਣਕਾਰੀ ਨਵੰਬਰ ਦੇ ਅੰਤ ਵਿੱਚ ਮੁਹੱਈਆ ਕਰਵਾਈ ਜਾਵੇਗੀ।

# ਬਰੈਂਪਟਨ ਨੇ ਸੂਬੇ ਤੋਂ ਨਵੇਂ ਹਸਪਤਾਲ ਬੈੱਡਾਂ ਵਾਸਤੇ ਮੁੱਖ ਨਿਵੇਸ਼ ਸੁਰੱਖਿਅਤ ਕੀਤਾ

ਬਰੈਂਪਟਨ, 5 ਨਵੰਬਰ (ਪੋਸਟ ਬਿਊਰੋ): ਸਿਟੀ ਆਫ ਬਰੈਂਪਟਨ, ਬਰੈਂਪਟਨ ਦੀਆਂ ਹੈਲਥ ਕੇਅਰ (ਸਿਹਤ ਦੇਖਭਾਲ) ਸਬੰਧੀ ਲੋੜਾਂ ਵਿੱਚ ਮਦਦ ਲਈ,ਓਨਟਾਰੀਓ ਦੇ ਪ੍ਰੀਮੀਅਰ ਦੇ ਐਲਾਨ ਦਾ ਸਵਾਗਤ ਕਰਦੀ ਹੈ। ਅੱਜ ਮੇਅਰ ਪੈਟ੍ਰਿਕ ਬ੍ਰਾਊਨ ਬਰੈਂਪਟਨ ਦੇ ਹੈਲਥਕੇਅਰ ਸਿਸਟਮ

ਵਿੱਚ ਖਾਸ ਨਿਵੇਸ਼ ਦਾ ਐਲਾਨ ਕਰਨ ਲਈ ਪ੍ਰੀਮੀਅਰ ਡੱਗ ਫੋਰਡ, ਮਿਨਿ-ਸਟਰ ਆਫ ਹੈਲਥ ਕ੍ਰਿਸਟੀਨ ਐਲੀਓਟ, ਐਸੋਸੀਏਟ ਮਿਨਿਸਟਰ ਅਤੇ ਐਮ.ਪੀ.ਪੀ. ਬਰੈਂਪਟਨ ਸਾਊਥ ਪ੍ਰਭਮੀਤ ਸਰਕਾਰੀਆ ਅਤੇ ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਡਾ. ਨਾਵੀਦ ਮੁਹੰਮਦ ਦੇ ਨਾਲ ਜੁੜੇ। ਇਹ ਕਾਰਵਾਈ ਸਿਟੀ ਦੀ ਫੇਅਰ ਡੀਲ ਫੌਰ ਬਰੈਂਪਟਨ ਐਡਵੋਕੇਸੀ ਮੁਹਿੰਮ ਦੀ ਹਿਮਾਇਤ ਕਰਦੀ ਹੈ, ਜੋ ਹੈਲਥ ਕੇਅਰ ਸਬੰਧੀ ਫੰਡਿੰਗ ਵਿੱਚ ਅੰਤਰ ਨੂੰ ਦੂਰ ਕਰਨ ਅਤੇ ਹਾਲਵੇ ਮੈਡੀਸਿਨ (ਵਾਰਡਾਂ ਵਿੱਚ ਕਮਰਾ ਨਾ ਹੋਣ ਕਾਰਨ ਹਾਲਵੇ ਵਿੱਚ ਰੋਗੀਆਂ ਦਾ ਇਲਾਜ ਕਰਨਾ) ਨੂੰ ਖ਼ਤਮ ਕਰਨ ਦੀ ਮੰਗ ਕਰਦੀ ਹੈ।

ਵਿਲੀਅਮ ਓਸਲਰ ਹੈਲਥ ਸਿਸਟਮ, ਹਸਪਤਾਲ ਸਮਰੱਥਾ ਦਬਾਅ ਨੂੰ ਖ਼ਤਮ ਕਰਨ ਅਤੇ ਉਡੀਕ ਸਮੇਂ ਨੂੰ ਘਟਾਉਣ ਵਿੱਚ ਮਦਦ ਲਈ 87 ਤੱਕ ਨਵੇਂ ਰੋਗੀ ਬੈੱਡ ਪ੍ਰਾਪਤ ਕਰੇਗਾ। ਇਸ ਵਿੱਚ ਬਰੈਂਪਟਨ ਸਿਵਿਕ ਹਸਪਤਾਲ ਵਿਖੇ 41 ਹਸਪਤਾਲ ਬੈੱਡ ਸ਼ਾਮਲ ਹਨ। ਓਨਟਾਰੀਓ ਸਰਕਾਰ ਵਾਧੂ ਨਿਵੇਸ਼ ਕਰਕੇ ਆਪਣੀ 2.8 ਡਾਲਰ ਬਿਲੀਅਨ ਦੀ ਕੋਵਿਡ-19 ਪਤਝੜ ਦੀ ਤਿਆਰੀ ਯੋਜਨਾ ਤੇ ਕੰਮ ਕਰ ਰਹੀ ਹੈ, ਤਾਂ ਜੋ ਹਸਪਤਾਲਾਂ ਵਿੱਚ ਵਾਧੂ ਬੈੱਡ ਅਤੇ ਪੂਰੇ ਸੂਬੇ ਵਿੱਚ ਵਿਕਲਪਿਕ ਸਿਹਤ ਫੈਸਿਲਿਟੀਜ ਸ਼ਾਮਲ ਕੀਤੀਆਂ ਜਾ ਸਕਣ। ਸੂਬੇ ਦੇ ਮੁਤਾਬਕ ਉਪਲੱਬਧ ਵਾਧੂ ਬੈੱਡ, ਸਰਜੀਕਲ ਕੰਮਾਂ ਵਿੱਚ ਦੇਰੀ (ਬੈਕਲੌਗ) ਨੂੰ ਘਟਾਉਣ ਅਤੇ ਕੋਵਿਡ-19 ਦੇ ਦੌਰਾਨ ਦੇਖਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨਗੇ।

ਪਿਛੋਕੜ:

ਦਸੰਬਰ 2019 ਵਿੱਚ, ਕੌਂਸਲ ਨੇ ਇੱਕ ਮਤਾ ਪਾਸ ਕੀਤਾ ਸੀ। ਜਿਸ ਵਿੱਚ ਵੱਡੇ ਫੰਡਿੰਗ ਅੰਤਰਾਲਾਂ, ਲੰਮੇ ਉਡੀਕ ਸਮਿਆਂ ਅਤੇ ਹਾਲਵੇ ਮੈਡੀਸਿਨ ਸਮੇਤ, ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਦੀਆਂ ਬੇਜੋੜ ਅਤੇ ਲਾਜ਼ਮੀ ਲੋੜਾਂ ਨੂੰ ਪਛਾਣਿਆ ਗਿਆ ਸੀ। ਮਤੇ ਵਿੱਚ ਸਾਰੇ ਹੈਲਥ ਕੇਅਰ ਸਿਸਟਮ ਪ੍ਰਦਾਤਾਵਾਂ ਵੱਲੋਂ ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਸੀ। ਜਨਵਰੀ, 2020 ਵਿੱਚ ਬਰੈਂਪਟਨ ਸਿਟੀ ਕੌਂਸਲ ਨੇ ਬਰੈਂਪਟਨ ਵਿੱਚ ਹੈਲਥ ਕੇਅਰ ਐਮਰਜੈਂ ਘੋਸ਼ਿਤ ਕਰਨ ਲਈ, ਸਰਬਸੰਮਤੀ ਨਾਲ ਇੱਕ ਪ੍ਰਸਤਾਵ ਪਾਸ ਕੀਤਾ ਸੀ। ਸਿਟੀ ਨੇ ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਵਾਸਤੇ ਹੋਰ ਫੰਡਿੰਗ ਅਤੇ ਮਦਦ ਦੀ ਬੇਨਤੀ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਇਨ੍ਹਾਂ ਵਿੱਚ ਸ਼ਾਮਲ

ਹਨ। ਬਰੈਂਪਟਨ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੇ ਸਾਹਮਣੇ ਅਤੇ ਸਾਲਾਨਾ ਐਸੋਸੀਏਸ਼ਨ ਆਫ ਮਿਊਨਿਸਿਪਲਟੀਜ ਆਫ ਓਨਟਾਰੀਓ (Association of Municipalities of Ontario) (ਏ.ਐਮ.ਓ.) ਕਾਨਫਰੰਸ ਵਿੱਚ ਨੁਮਾਇੰਦਗੀ ਕਰਨਾ ਅਤੇ ਪ੍ਰੀ-ਬਜਟ ਸਬਮਿਸ਼ਨ (Pre-Budget Submission) ਪ੍ਰਕਿਰਿਆ ਦੁਆਰਾ ਸਰਕਾਰ ਦੀ ਹਿਮਾਇਤ ਕਰਨਾ। ਸਿਟੀ ਬਰੈਂਪਟਨ ਦੀਆਂ ਹੈਲਥ ਕੇਅਰ ਸਬੰਧੀ ਚਿੰਤਾਵਾਂ ਵਾਸਤੇ ਜਾਗਰੂਕਤਾ ਅਤੇ ਮਦਦ ਵਧਾਉਣ ਲਈ #ਫੇਅਰਡੀਲਫੌਰਬਰੈਂਪਟਨ ਹੈਲਥ ਕੇਅਰ ਐਡਵੋਕੇਸੀ ਕੈਂਪੇਨ (#FairDealForBrampton health care advocacy campaign) ਦਾ ਵੀ ਪ੍ਰਚਾਰ ਕਰ ਰਹੀ ਹੈ।

ਹਵਾਲੇ:

'ਬਰੈਂਪਟਨ ਦੇ ਹੈਲਥ ਕੇਅਰ ਸਿਸਟਮ ਵਿੱਚ, ਕਾਫੀ ਲੰਮੇ ਸਮੇਂ ਤੋਂ ਬਹੁਤ ਜ਼ਿਆਦਾ ਭੀੜ ਹੈ ਅਤੇ ਬੇਹੱਦ ਘੱਟ ਫੰਡਿੰਗ ਮਿਲ ਰਹੀ ਹੈ ਅਤੇ ਹਾਲਵੇ ਮੈਡੀਸਿਨ ਸੰਕਟ ਮਹਾਂਮਾਰੀ ਨਾਲ ਹੋਰ ਵੀ ਵਧ ਗਿਆ ਹੈ। ਸਾਨੂੰ ਸੂਬੇ ਤੋਂ ਮਦਦ ਦੀ ਬੇਹੱਦ ਲੋੜ ਹੈ। ਅਸੀਂ ਸੂਬੇ ਦੀ ਪਤਝੜ ਤਿਆਰੀ ਯੋਜਨਾ ਦੇ ਹਿੱਸੇ ਵਜੋਂ ਸਾਡੇ ਭਾਈਚਾਰੇ ਲਈ ਸਹੀ ਦਿਸ਼ਾ ਵਿੱਚ ਚੁੱਕੇ ਗਏ ਇਸ ਸਕਾਰਾਤਮਕ ਕਦਮ ਦਾ ਸੁਆਗਤ ਕਰਦੇ ਹਾਂ। ਖਾਸ ਕਰਕੇ ਜਦੋਂ ਪੀਲ ਵਿੱਚ ਹੁਣ ਕੋਵਿਡ-19 ਦੀ ਦੂਜੀ ਲਹਿਰ ਹੈ। ਇਹ ਨਵੇਂ ਹਸਪਤਾਲ ਬੈੱਡ ਬਰੈਂਪਟਨ ਸਿਵਿਕ ਵਿਖੇ ਦੇਖਭਾਲ ਤੱਕ ਪਹੁੰਚ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨਗੇ ਕਿਉਂਕਿ ਅਸੀਂ ਸਿਟੀ ਦੇ ਉਤਰ-ਪੱਛਮ ਵਿੱਚ ਨਵਾਂ ਹਸਪਤਾਲ ਸ਼ੁਰੂ ਕਰ ਰਹੇ ਹਾਂ। ਮੈਂ ਬਰੈਂਪਟਨ ਦੇ ਨਿਵਾਸੀਆਂ ਲਈ ਹੈਲਥਕੇਅਰ ਵਿੱਚ ਸੁਧਾਰ ਕਰਨ ਵਾਸਤੇ ਓਸਲਰ ਦੀ ਪੀਲ ਮੈਮੋਰੀਅਲ ਸਾਈਟ ਨਿਰਮਾਣ ਦੇ ਫੇਜ 2 ਦਾ ਵਿਸਤਾਰ ਕਰਨ ਲਈ ਅੱਜ ਪ੍ਰੀਮੀਅਰ ਵੱਲੋਂ ਕੀਤੇ ਐਲਾਨ ਦਾ ਸਵਾਗਤ ਕਰਦਾ ਹਾਂ।'

-ਪੈਟ੍ਰਿਕ ਬ੍ਰਾਊਨ, ਮੇਅਰ, ਸਿਟੀ ਆਫ ਬਰੈਂਪਟਨ।

'ਸਾਡਾ ਭਾਈਚਾਰਾ ਹੈਲਥ ਕੇਅਰ ਤੱਕ ਬਰਾਬਰੀ ਦੀ ਪਹੁੰਚ ਦਾ ਹੱਕਦਾਰ ਹੈ। ਅਸੀਂ ਇਸਦੀ ਹਿਮਾਇਤ ਕੀਤੀ ਅਤੇ ਓਨਟਾਰੀਓ ਸਰਕਾਰ ਨੇ ਉਨ੍ਹਾਂ ਕੁਝ ਦਬਾਵਾਂ ਨੂੰ ਦੂਰ ਕਰਨ ਵਿੱਚ ਮਦਦ ਕੀਤੀ, ਜਿਨ੍ਹਾਂ ਦਾ ਸਾਡਾ ਸ਼ਹਿਰ ਲਗਾਤਾਰ ਸਾਹਮਣਾ ਕਰ ਰਿਹਾ ਹੈ। ਬਰੈਂਪਟਨ ਕੈਨੇਡਾ ਵਿੱਚ ਤੇਜ਼ੀ ਨਾਲ ਵਧਣ ਵਾਲਾ ਵੱਡਾ ਸ਼ਹਿਰ ਹੈ। ਸਾਨੂੰ ਲਗਾਤਾਰ ਸੂਬਾਈ ਭਾਈਵਾਲੀਆਂ ਅਤੇ ਸਾਡੇ ਨਿਵਾਸੀਆਂ ਵਾਸਤੇ ਲੋੜੀਂਦੀ ਦੇਖਭਾਲ ਲਿਆਉਣ ਵਿੱਚ ਮਦਦ ਦੀ ਲੋੜ ਹੈ।'

-ਰੋਏਨਾ ਸੈਨਟੋਸ, ਚੇਅਰ, ਕਮਿਊਨਿਟੀ ਸਰਵਿਸਿਜ; ਰੀਜਨਲ ਕੌਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬਰੈਂਪਟਨ।

'ਨਵੇਂ ਹਸਪਤਾਲ ਬੈੱਡ, ਹਾਲਵੇ ਹੈਲਥ ਕੇਅਰ ਨੂੰ ਖ਼ਤਮ ਕਰਨ ਵਾਸਤੇ ਬੇਹੱਦ ਮਹੱਤਵਪੂਰਣ ਹਨ। ਬਰੈਂਪਟਨ ਸਿਵਿਕ ਇਸ ਵੇਲੇ ਸਾਡੇ ਭਾਈਚਾਰੇ ਦਾ ਇੱਕੋ ਹਸਪਤਾਲ ਹੈ। ਕਿਉਂਕਿ ਇਹ ਇੱਕ ਮਹੱਤਵਪੂਰਣ ਕਦਮ ਹੈ। ਅਸੀਂ ਸੂਬੇ ਤੋਂ ਸਾਡੇ ਸ਼ਹਿਰ ਵਾਸਤੇ ਢੁੱਕਵੀਂ ਹੈਲਥ ਕੇਅਰ ਦੀ ਮੰਗ ਕਰਨਾ ਜਾਰੀ ਰੱਖਾਂਗੇ।'

-ਸ਼ਾਰਮੇਨ ਵਿਲੀਅਮਸ, ਵਾਈਸ-ਚੇਅਰ, ਕਮਿਊਨਿਟੀ ਸਰਵਿਸਿਜ਼ ਸਿਟੀ ਕਾਉਂਸਲਰ, ਵਾਰਡਸ 7 ਅਤੇ 8, ਸਿਟੀ ਆਫ ਬਰੈਂਪਟਨ।

'ਸਿਟੀ ਦਾ ਸਟਾਫ਼ ਇਹ ਯਕੀਨੀ ਬਣਾਉਣ ਲਈ ਲਗਾਤਾਰ ਕੌਂਸਲ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਕਿ ਬਰੈਂਪਟਨ ਨੂੰ ਸਾਡੇ ਸਰਕਾਰੀ ਭਾਈਵਾਲਾਂ ਤੋਂ ਹੈਲਥ ਕੇਅਰ ਵਿੱਚ ਫੇਅਰ ਡੀਲ ਪ੍ਰਾਪਤ ਹੋਵੇ। ਸਾਨੂੰ ਸਾਡੇ ਸ਼ਹਿਰ ਵਿੱਚ ਇਸ ਨਿਵੇਸ਼ ਤੇ ਮਾਣ ਹੈ। ਅਸੀਂ ਜਾਣਦੇ ਹਾਂ ਕਿ ਬਰੈਂਪਟਨ ਵਿਚ ਹੈਲਥ ਕੇਅਰ ਅਤੇ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਨ ਵਾਸਤੇ, ਸਾਡੇ ਲਈ ਮਿਹਨਤ ਅਤੇ ਹਿਮਾਇਤ ਨੂੰ ਜਾਰੀ ਰੱਖਣਾ ਲਾਜ਼ਮੀ ਹੈ।'

-ਡੇਵਿਡ ਬੈਰਿਕ, ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬਰੈਂਪਟਨ।

'ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ 'ਤੇ ਬਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ। ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ 'ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, aqy Instagram `ਤੇ ਜੁੜੋ। www, Brampton,ca 'ਤੇ ਹੋਰ ਜਾਣੋ।

-ਮੀਡੀਆ ਸੰਪਰਕ

ਮੋਨਿਕਾ ਦੁੱਗਲ, ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ, ਸਟ੍ਰੈਟਜਿਕ ਕਮਿਊਨੀਕੇਸ਼ਨ, ਸਿਟੀ ਆਫ ਬਰੈਂਪਟਨ।

# ਫੌਜ ਵਿੱਚ ਸੇਵਾ ਮੁਕਤੀ ਦੀ ਉਮਰ ਹੱਦ ਵਧਣ ਲੱਗੀ

ਨਵੀਂ ਦਿੱਲੀ, 5 ਨਵੰਬਰ (ਪੋਸਟ ਬਿਊਰੋ)- ਭਾਰਤੀ ਫੌਜ ਵਿੱਚ ਅਫਸਰਾਂ ਦੀ ਸੇਵਾ ਮੁਕਤੀ ਦੀ ਉਮਰ ਹੱਦ ਵਧਾਉਣ ਦੀ ਤਜਵੀਜ਼ ਹੈ। ਡਿਪਾਰਟਮੈਂਟ ਆਫ ਮਿਲਟਰੀ ਅਫੇਅਰਜ਼ (ਡੀ ਐਮ ਏ) ਵੱਲੋਂ ਸ਼ੁਰੂ ਕੀਤੇ ਸੁਧਾਰਾਂ ਤਹਿਤ ਸਮੈਂਤੋਂ ਪਹਿਲਾਂ ਰਿਟਾਇਰਮੈਂਟ ਲੈਣ 'ਤੇ ਪੈਨਸ਼ਨ ਵਿੱਚ ਕਟੌਤੀ ਦੀ ਵੀ ਤਜਵੀਜ਼ ਹੈ। ਚੀਫ ਆਫ ਆਰਮੀ ਸਟਾਫ ਜਨਰਲ ਬਿਪਿਨ ਰਾਵਤ ਦੀ ਅਗਵਾਈ ਵਿੱਚ ਡੀਟ ਐਮ ਏ ਇਹ ਸਾਰਾ ਕੰਮ ਕਰਦਾ ਹੈ। ਸਰਕਾਰੀ ਸੂਤਰਾਂ ਮੁਤਾਬਕ ਹਥਿਆਰਬੰਦ ਫੌਜਾਂ ਵਿੱਚ ਫੌਜੀਆਂ ਦੇ ਵੱਧ ਉਪਯੋਗ ਲਈ ਇਹ ਸਾਰੀਆਂ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਹੇਠ ਫੌਜ ਵਿੱਚ ਕਰਨਲ ਅਤੇ ਹਵਾਈ ਫੌਜ ਤੇ ਫੌਜ ਵਿੱਚ ਇਸ ਬਰਾਬਰ ਦੇ ਅਫਸਰਾਂ ਦੀ ਉਮਰ 54 ਸਾਲ ਤੋਂ ਵਧਾ ਕੇ 57 ਸਾਲ ਕਰਨ ਦੀ ਤਜਵੀਜ਼ ਹੈ। ਬ੍ਰਿਗੇਡੀਅਰ ਅਤੇ ਬਰਾਬਰ ਦੇ ਅਧਿਕਾਰੀਆਂ ਦੀ ਉਮਰ 56 ਸਾਲ ਤੋਂ ਵਧਾ ਕੇ 58 ਸਾਲ ਕਰਨ, ਮੇਜਰ ਜਨਰਲ ਅਤੇ ਬਰਾਬਰ ਦੇ ਅਧਿਕਾਰੀਆਂ ਦੀ ਉਮਰ 58 ਤੋਂ ਵਧਾ ਕੇ 59 ਸਾਲ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਲੈਫਟੀਨੈਂਟ ਜਨਰਲ ਰੈਂਕ ਅਤੇ ਬਰਾਬਰ ਦੇ ਅਧਿਕਾਰੀਆਂ ਦੀ ਸੇਵਾ ਮੁਕਤੀ ਦੀ ਉਮਰ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ, ਇਹ ਪਹਿਲਾਂ ਵਾਂਗ 60 ਸਾਲ ਹੀ ਰਹੇਗੀ। ਲਾਜਿਸਟਿਕ, ਟੈਕਨੀਕਲ ਤੇ ਮੈਡੀਕਲ ਕੋਰ ਵਿੱਚ ਜੇ ਸੀ ਓ ਅਤੇ ਜਵਾਨਾਂ ਦੀ ਰਿਟਾਇਰਮੈਂਟ ਦੀ ਉਮਰ 57 ਸਾਲ ਕਰਨ ਦੀ ਤਜਵੀਜ਼ ਹੈ। ਇਸ ਵਿੱਚ ਥਲ ਸੈਨਾ ਦੀ ਇਲੈਕਟ੍ਰਾਨਿਕਸ ਐਂਡ ਟੈਕਨੀਕਲ ਇੰਜੀਨੀਅਰਜ਼, ਆਰਮੀ ਸਰਵਿਸ ਕੋਰ ਅਤੇ ਆਰਮੀ ਆਰਡੀਨੈਂਸ ਕੋਰ ਇਕਾਈਆਂ ਵੀ ਸ਼ਾਮਲ ਹੋਣਗੀਆਂ।ਫੌਜ ਵਿੱਚ ਅਧਿਕਾਰੀਆਂ ਨੂੰ ਬਣੇ ਰੱਖਣ ਲਈ ਸਮੈਂਤੋਂ ਪਹਿਲਾਂ ਰਿਟਾਇਰਮੈਂਟ 'ਤੇ 20 ਤੋਂ 25 ਸਾਲ ਦੀ ਸਰਵਿਸ ਵਿੱਚ ਪੰਜਾਹ ਫੀਸਦੀ ਪੈਨਸ਼ਨ, 26 ਤੋਂ 30 ਸਾਲ ਦੀ ਸਰਵਿਸ ਵਿੱਚ ਸੱਠ ਫੀਸਦੀ, 31 ਤੋਂ 35 ਸਾਲ ਦੀ ਸਰਵਿਸ ਵਿੱਚ 75 ਫੀਸਦੀ ਅਤੇ 35 ਸਾਲ ਤੋਂ ਜ਼ਿਆਦਾ ਦੀ ਸਰਵਿਸ ਵਿੱਚ ਪੂਰੀ ਪੈਨਸ਼ਨ ਦਿੱਤੀ ਜਾਵੇਗੀ।




# ਇੱਕ ਦਿਨ ਜਦੋਂ ਅਸੀਂ ਸਾਰੇ ਯਾਦ ਕਰਦੇ ਹਾਂ।

ਸਾਰੇ ਪਿਛੋਕੜਾਂ ਵਾਲੇ ਓਨਟੈਰੀਓ ਵਾਸੀਆਂ ਨੇ ਮਾਣ ਨਾਲ ਸਾਡੇ ਦੇਸ਼ ਦੀ ਸੇਵਾ ਕੀਤੀ ਹੈ।

ਇਸ ਯਾਦਗਾਰੀ ਦਿਨ, ਸਾਡੇ ਸਾਬਕਾ ਫ਼ੌਜੀਆਂ ਨੂੰ ਮਾਣ ਦੇਣ ਵਿੱਚ ਸਾਡੇ ਨਾਲ ਸ਼ਾਮਲ ਹੋਵੋ।

ਨਵੰਬਰ 11

ontario.ca/RemembranceDay




ਇਸਦੇ ਲਈ ਭੁਗਤਾਨ ਓਟੈਰੀਓ ਦੀ ਸਰਕਾਰ ਦੁਆਰਾ ਕੀਤਾ ਗਿਆ

ਪੋਪੀ ਡਜਿਾਈਨ ਰੋਇਲ ਕੈਨੇਡੀਅਨ ਲੀਜੀਅਨ, ਡੋਮੀਨੀਅਨ ਕਮਾਂਡ ਦਾ ਰਜਸਿਟਰਡ ਟ੍ਰੇਡਮਾਰਕ ਹੈ ਅਤੇ ਲਾਇਸੈਂਸ ਅਧੀਨ ਵਰਤਿਆ ਗਿਆ ਹੈ.

Ontario



